ਪੁਤ੍ਰ ਲਉ ਪੋਤ੍ਰ ਲਉ ਪੈ ਤਿਨ ਕੇ ਗ੍ਰਿਹ ਕੇ ਅਨਤੈ ਨਹਿ ਮਾਗਨ ਧਾਏ।
ਪੂਰਨ ਜਗਿ ਕਰਾਇ ਕੈ ਯੌ ਸੁਖੁ ਪਾਇ ਸਭੈ ਮਿਲਿ ਡੇਰਨ ਆਏ। ੨੩੫੪।

ਦੋਹਰਾ

ਜਬੈ ਆਪਨੇ ਗ੍ਰਿਹਿ ਬਿਖੈ ਆਏ ਭੂਪ ਪ੍ਰਬੀਨ।
ਜਗ੍ਯ ਕਾਜ ਬੋਲੇ ਜਿਤੇ ਸਭੈ ਬਿਦਾ ਕਰਿ ਦੀਨ। ੨੩੫੫।

ਸਵੈਯਾ

ਕਾਨ੍ਹ ਰਹੇ ਬਹੁ ਦਿਵਸ ਤਹਾ ਸੁ ਬਧੂ ਅਪਨੀ ਸਭ ਹੀ ਸੰਗ ਲੈ ਕੈ।
ਕੰਚਨ ਦੇਹ ਦਿਪੈ ਜਿਨ ਕੀ ਤਿਨ ਮੈਨ ਰਹੇ ਪਿਖਿ ਲਜਤ ਹ੍ਵੈ ਕੈ।
ਭੂਖਨ ਅੰਗ ਸਜੇ ਅਪਨੇ ਸਭ ਆਵਤ ਭੀ ਦ੍ਰੁਪਤੀ ਸਿਰਿ ਨਿਐ ਕੈ।
ਕੈਸੇ ਬਿਵਾਹਿਓ ਹੈ ਸ੍ਯਾਮ ਤੁਮੈ ਸਭ ਮੋਹ ਕਹੋ ਤੁਮੈ ਆਨੰਦ ਕੈ ਕੈ। ੨੩੫੬।

ਦੋਹਰਾ

ਜਬ ਤਿਨ ਕਉ ਯੌ ਦ੍ਰੋਪਤੀ ਪੂਛਿਯੋ ਪ੍ਰੇਮ ਬਢਾਇ।
ਅਪਨੀ ਅਪਨੀ ਤਿਹ ਬ੍ਰਿਥਾ ਸਭ ਹੂ ਕਹੀ ਸੁਨਾਇ। ੨੩੫੭।

ਸਵੈਯਾ

ਜਗਿ ਨਿਹਾਰਿ ਜੁਧਿਸਟਰ ਕੋ ਮਨ ਭੀਤਰ ਕਉਰਨ ਕੋਪ ਬਸਾਯੋ।
ਪੰਡੁ ਕੈ ਪੁਤ੍ਰਨ ਜਗ ਕੀਯੋ ਤਿਹ ਤੇ ਇਨ ਕੋ ਜਗ ਮੈ ਜਸੁ ਛਾਯੋ।
ਐਸੋ ਨ ਲੋਕ ਬਿਖੈ ਹਮਰੋ ਜਸੁ ਹੋਤ ਭਯੋ ਕਹਿ ਸ੍ਯਾਮ ਸੁਨਾਯੋ।
ਭੀਖਮ ਤੇ ਸੁਤ ਸੂਰਜ ਤੇ ਸੁ ਨਹੀ ਹਮ ਤੇ ਐਸੋ ਜਗ ਹ੍ਵੈ ਆਯੋ। ੨੩੫੮।

ਇਤਿ ਸ੍ਰੀ ਦਸਮ ਸਿਕੰਧ ਪੁਰਾਣੇ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ ਰਾਜਾ ਜੁਧਿਸਟਰ ਰਾਜ ਸੂਇ ਜਗ ਸੰਪੂਰਨੰ।

ਜੁਧਿਸਟਰ ਕੋ ਸਭਾ ਬਨਾਇ ਕਥਨੰ[1]

ਸਵੈਯਾ

ਮੈ ਇਕ ਦੈਤ ਹੁਤੋ ਤਿਨ ਆਇ ਕੈ ਸੁੰਦਰ ਏਕ ਸਭਾ ਸੁ ਬਨਾਈ।
ਲਜਤ ਹੋਇ ਰਹੇ ਅਮਰਾਵਤਿ ਐਸੀ ਪ੍ਰਭਾ ਇਹ ਭੂਮਹਿ ਆਈ।
ਬੈਠਿ ਬਿਰਾਜਤ ਭੂਪ ਤਹਾ ਜਦੁਬੀਰ ਲੀਏ ਸੰਗ ਚਾਰੋ ਈ ਭਾਈ।
ਸ੍ਯਾਮ ਭਨੈ ਤਿਹ ਆਭਹਿ ਕੀ ਉਪਮਾ ਮੁਖ ਤੇ ਬਰਨੀ ਨਹੀ ਜਾਈ। ੨੩੫੯।

ਨੀਰ ਢਰੇ ਕਹੂ ਚਾਦਰ ਛਤਨ ਛੂਟਤ ਹੈ ਕਹੂ ਠਉਰ ਫੁਹਾਰੇ।
ਮਲ ਭਿਰੈ ਕਹੂ ਮਤ ਕਰੀ ਕਹੂ ਨਾਚਤ ਬੇਸਯਨ ਕੇ ਸੁ ਅਖਾਰੇ।

੧. ਕਈ ਪੁਰਾਤਨ ਬੀੜਾਂ ਵਿਚ ਇਹ ਉਕਤੀ ਛੰਦ ੨੩੫੭ ਤੋਂ ਬਾਦ ਲਿਖੀ ਹੈ

ਦੇ ਕੇ ਰਜਾ ਦਿੱਤਾ ਹੈ। (ਉਨ੍ਹਾਂ ਦੇ) ਪੁੱਤਰਾਂ ਤਕ ਅਤੇ ਪੋਤਰਿਆਂ ਤਕ ਅਤੇ ਉਨ੍ਹਾਂ ਦੇ ਘਰ ਦੇ ਹੋਰ ਲੋਕ (ਫਿਰ) ਕਿਸੇ ਪਾਸੋਂ ਮੰਗਣ ਲਈ ਨਹੀਂ ਗਏ। ਯੱਗ ਨੂੰ ਸੰਪੂਰਨ ਕਰਾ ਕੇ ਅਤੇ ਸੁਖ ਪੂਰਵਕ ਸਾਰੇ ਮਿਲ ਕੇ (ਆਪਣਿਆਂ) ਡੇਰਿਆਂ ਵਿਚ ਆ ਗਏ।੨੩੫੪।

ਦੋਹਰਾ

ਜਦ ਪ੍ਰਵੀਨ ਰਾਜਾ (ਯੁਧਿਸ਼ਠਰ) ਆਪਣੇ ਘਰ ਨੂੰ ਆਇਆ, ਤਾਂ ਯੱਗ ਦੇ ਕਾਰਜ ਲਈ ਜਿਤਨੇ ਵੀ ਬੁਲਾਏ ਹੋਏ ਸਨ (ਉਨ੍ਹਾਂ ਨੂੰ) ਵਿਦਾ ਕਰ ਦਿੱਤਾ।੨੩੫੫।

ਸਵੈਯਾ

ਸ੍ਰੀ ਕ੍ਰਿਸ਼ਨ ਆਪਣੀਆਂ ਸਾਰੀਆਂ ਇਸਤਰੀਆਂ ਸਹਿਤ ਉਥੇ ਬਹੁਤ ਸਾਰੇ ਦਿਨ ਰਹੇ। ਜਿਨ੍ਹਾਂ ਦੀ ਸੋਨੇ ਵਰਗੀ ਦੇਹ ਚਮਕਦੀ ਹੈ ਅਤੇ ਉਨ੍ਹਾਂ ਨੂੰ ਕਾਮਦੇਵ ਵੀ ਵੇਖ ਕੇ ਲਜਿਤ ਹੁੰਦਾ ਹੈ। ਜਿਸ ਨੇ ਆਪਣੇ ਸਾਰੇ ਅੰਗਾਂ ਉਤੇ ਜ਼ੇਵਰ ਸਜਾਏ ਹੋਏ ਹਨ, ਉਹ ਦ੍ਰੋਪਤੀ ਸਿਰ ਨਿਵਾ ਕੇ (ਉਥੇ) ਆ ਗਈ ਹੈ। (ਅਤੇ ਸਭ ਨੂੰ ਪੁਛਦੀ ਹੈ) ਤੁਹਾਨੂੰ ਕ੍ਰਿਸ਼ਨ ਨੇ ਕਿਸ ਤਰ੍ਹਾਂ ਵਿਆਹਿਆ ਹੈ। ਤੁਸੀਂ ਮੈਨੂੰ ਆਨੰਦ ਪੂਰਵਕ (ਸਾਰਾ ਬ੍ਰਿੱਤਾਂਤ) ਦਸੋ।੨੩੫੬।

ਦੋਹਰਾ

ਜਦ ਦ੍ਰੋਪਦੀ ਨੇ ਪ੍ਰੇਮ ਵਧਾ ਕੇ ਉਨ੍ਹਾਂ ਨੂੰ ਇਸ ਤਰ੍ਹਾਂ ਪੁਛਿਆ ਤਾਂ ਉਨ੍ਹਾਂ ਨੇ ਆਪਣੀ ਆਪਣੀ ਬਿਰਥਾ ਕਹਿ ਕੇ ਸੁਣਾ ਦਿੱਤੀ।੨੩੫੭।

ਸਵੈਯਾ

ਯੁਧਿਸ਼ਠਰ ਦਾ ਯੱਗ ਵੇਖ ਕੇ ਕੌਰਵਾਂ ਨੇ ਮਨ ਵਿਚ ਕ੍ਰੋਧ ਨੂੰ ਵਸਾ ਲਿਆ। (ਉਥੇ ਸਾਰੇ ਕਹਿੰਦੇ ਸਨ--) ਪੰਡੂ (ਰਾਜੇ) ਦੇ ਪੁੱਤਰਾਂ ਨੇ ਯੱਗ ਕੀਤਾ ਹੈ ਜਿਸ ਕਰ ਕੇ ਉਨ੍ਹਾਂ ਦਾ ਜਗਤ ਵਿਚ ਯਸ਼ ਪਸਰ ਗਿਆ ਹੈ। ਇਸ ਤਰ੍ਹਾਂ ਦਾ ਯਸ਼ ਲੋਕ (ਭਾਵ ਜਗਤ) ਵਿਚ ਸਾਡਾ ਨਹੀਂ ਹੋਇਆ। (ਕਵੀ) ਸ਼ਿਆਮ (ਕਹਿ ਕੇ) ਸੁਣਾਉਂਦੇ ਹਨ ਕਿ ਨ ਭੀਸ਼ਮ ਕੋਲੋਂ, ਨ ਸੂਰਜ ਦੇ ਪੁੱਤਰ (ਕਰਨ) ਪਾਸੋਂ ਅਤੇ ਨ ਹੀ ਸਾਡੇ ਕੋਲੋਂ ਅਜਿਹਾ ਯੱਗ ਹੋਇਆ ਹੈ।੨੩੫੮।

ਇਥੇ ਸ੍ਰੀ ਦਸਮ ਸਕੰਧ ਪੁਰਾਣ, ਬਚਿਤ੍ਰ ਨਾਟਕ ਗ੍ਰੰਥ ਦੇ ਕ੍ਰਿਸ਼ਨਾਵਤਾਰ ਦੇ ਰਾਜਸੂ ਯੱਗ ਦੀ ਸਮਾਪਤੀ।

ਯੁਧਿਸ਼ਠਰ ਦਾ ਸਭਾ ਬਣਾਉਣ ਦਾ ਕਥਨ

ਸਵੈਯਾ

'ਮਯ' ਨਾਂ ਦਾ ਇਕ ਦੈਂਤ ਸੀ। ਉਸ ਨੇ ਆ ਕੇ ਇਕ ਸੁੰਦਰ ਸਭਾ ਬਣਾਈ, (ਉਸ ਦੇ ਸਾਹਮਣੇ) ਇੰਦਰਪੁਰੀ ਲਜਿਤ ਹੋ ਰਹੀ ਹੈ; ਇਸ ਪ੍ਰਕਾਰ ਦੀ ਸੁੰਦਰਤਾ ਇਸ ਧਰਤੀ ਉਤੇ ਆ ਗਈ। ਸ੍ਰੀ ਕ੍ਰਿਸ਼ਨ ਅਤੇ ਚੌਹਾਂ ਭਰਾਵਾਂ ਨੂੰ ਨਾਲ ਲੈ ਕੇ ਰਾਜਾ ਯੁਧਿਸ਼ਠਰ ਉਥੇ ਬੈਠਾ ਸ਼ੋਭਾ ਪਾ ਰਿਹਾ ਹੈ। (ਕਵੀ) ਸ਼ਿਆਮ ਕਹਿੰਦੇ ਹਨ, ਉਸ ਦੀ ਆਭਾ (ਭਾਵ ਸੁੰਦਰਤਾ) ਦੀ ਉਪਮਾ ਮੂੰਹ ਤੋਂ ਵਰਣਨ ਨਹੀਂ ਕੀਤੀ ਜਾ ਸਕਦੀ।੨੩੫੯।

ਕਿਤੇ ਚਾਦਰ (ਵਰਗੀਆਂ) ਛੱਤਾਂ ਵਿਚੋਂ ਪਾਣੀ ਟਪਕ ਰਿਹਾ ਹੈ ਅਤੇ ਕਈ ਥਾਂਵਾਂ ਤੇ ਫ਼ਵਾਰੇ ਚਲ ਰਹੇ ਹਨ। ਕਿਧਰੇ ਪਹਿਲਵਾਨ ਘੁਲ ਰਹੇ ਹਨ ਅਤੇ ਕਿਤੇ ਮਸਤ ਹਾਥੀ (ਲੜ ਰਹੇ ਹਨ) ਅਤੇ (ਕਿਧਰੇ) ਵੇਸਵਾਵਾਂ ਅਖਾੜਿਆਂ ਵਿਚ ਨਚ ਰਹੀਆਂ ਹਨ। ਕਿਤੇ

ਬਾਜ ਲਰੈ ਕਹੂ ਸਾਜ ਸਜੈ ਭਟ ਛਾਜਤ ਹੈ ਅਤਿ ਡੀਲ ਡਿਲਾਰੇ।
ਰਾਜਤ ਸ੍ਰੀ ਬ੍ਰਿਜਨਾਥ ਤਹਾ ਜਿਮ ਤਾਰਨ ਮੈ ਸਸਿ ਸ੍ਯਾਮ ਉਚਾਰੇ। ੨੩੯੦।

ਜੋਤਿ ਲਸੈ ਕਹੂ ਬਜ੍ਰਨ ਕੀ ਕਹੂ ਲਾਲ ਲਗੇ ਛਬਿ ਮੰਦਿਰ ਪਾਵੈ।
ਨਾਗਨ ਕੋ ਪੁਰ ਲੋਕ ਪੁਰੀ ਸੁਰ ਦੇਖਿ ਪ੍ਰਭਾ ਜਿਹ ਸੀਸ ਨਿਵਾਵੈ।
ਰੀਝਿ ਰਹੇ ਜਿਹ ਦੇਖਿ ਚਤੁਰਮੁਖ ਹੇਰਿ ਪ੍ਰਭਾ ਸਿਵ ਸੋ ਲਲਚਾਵੈ।
ਭੂਮਿ ਜਹਾ ਤਹਾ ਨੀਰ ਸੋ ਲਾਗਤ ਨੀਰ ਜਹਾ ਨਹੀ ਚੀਨਬੋ ਆਵੈ। ੨੩੯੧।

ਜੁਧਿਸ਼ਟਰ ਬਾਚ ਦੂਜੋਧਨ ਸੋ

ਸਵੈਯਾ

ਐਸੀ ਸਭਾ ਰਚਿ ਕੈ ਸੁ ਜੁਧਿਸਟਰ ਅੰਧ ਕੋ ਬਾਲਕੁ ਬੋਲਿ ਪਠਾਯੋ।
ਸੂਰਜ ਕੋ ਸੁਤ ਸੰਗ ਲੀਏ ਅਰੁ ਭੀਖਮ ਮਾਨ ਭਰਿਯੋ ਸੋਊ ਆਯੋ।
ਭੂਮਿ ਜਹਾ ਹੁਤੀ ਤਾਹਿ ਲਖਿਯੋ ਜਲ ਬਾਰਿ ਹੁਤੋ ਜਹ ਭੂਮਿ ਜਨਾਯੋ।
ਜਾਇ ਨਿਸੰਕ ਪਰਿਯੋ ਜਲ ਮੈ ਕਬਿ ਸ੍ਯਾਮ ਕਹੈ ਕਛੁ ਭੇਦ ਨ ਪਾਯੋ। ੨੩੯੨।

ਜਾਇ ਪਰਿਯੋ ਤਬ ਹੀ ਸਰ ਮੈ ਤਨ ਬਸਤ੍ਰ ਧਰੇ ਪੁਨਿ ਬੂਡ ਗਯੋ ਹੈ।
ਬੂਡਤ ਜੋ ਨਿਕਸਿਯੋ ਸੋਊ ਭੂਪਤਿ ਚਿਤ ਬਿਖੈ ਅਤਿ ਕੋਪ ਕਯੋ ਹੈ।
ਕਾਨ੍ਹ ਜੂ ਭਾਰ ਉਤਾਰਨ ਕੇ ਹਿਤ ਆਖ ਸੋ ਭੀਮਹਿ ਭੇਦ ਦਯੋ ਹੈ।
ਸੋ ਇਹ ਭਾਤਿ ਸੋ ਬੋਲਿ ਉਠਿਓ ਅਰੇ ਅੰਧ ਕੇ ਅੰਧ ਹੀ ਪੂਤ੍ਰ ਭਯੋ ਹੈ। ੨੩੯੩।

ਯੌ ਜਬ ਭੀਮ ਹਸਿਯੋ ਤਿਹ ਕਉ ਤੁ ਘਨੋ ਚਿਤ ਭੀਤਰ ਭੂਪ ਰਿਸਾਯੋ।
ਮੋ ਕਹੁ ਪੰਡੁ ਕੇ ਪੂਤ੍ਰ ਹਸੈ ਅਬ ਹੀ ਬਧ ਯਾ ਕੋ ਕਰੋ ਜੀਅ ਆਯੋ।
ਭੀਖਮ ਦ੍ਰੋਣ ਰਿਸੇ ਮਨ ਮੈ ਜੜ ਭੀਮ ਭਯੋ ਕਹ ਸ੍ਯਾਮ ਸੁਨਾਯੋ।
ਧਾਮਿ ਗਯੋ ਅਪੁਨੇ ਫਿਰ ਕੈ ਸੁ ਸਭਾ ਇਹ ਭੀਤਰ ਫੇਰਿ ਨ ਆਯੋ। ੨੩੯੪।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ ਦੁਰਜੋਧਨ ਸਭਾ ਦੇਖਿ ਧਾਮਿ ਗਏ ਧਯਾਇ ਸਮਾਪਤੰ।

ਅਥ ਦੈਤ ਬਕਤ੍ਰ ਜੁਧ ਕਥਨੰ

ਸਵੈਯਾ

ਉਤ ਕੋਪਿ ਦੁਰਜੋਧਨ ਧਾਮਿ ਗਯੋ ਇਤ ਦੈਤ ਹੁਤੋ ਇਹ ਕੋਪੁ ਬਸਾਯੋ।
ਕਾਨ੍ਹ ਹਤਿਯੋ ਸਿਸੁਪਾਲ ਹੁਤੋ ਮੋਰੋ ਮਿਤ੍ਰ ਮਰਿਓ ਨ ਰਤੀ ਸੁਕਚਾਯੋ।

ਬਾਜ਼ ਲੜ ਰਹੇ ਹਨ ਅਤੇ ਕਿਧਰੇ ਸਾਜ ਸਜਾਏ ਜਾ ਰਹੇ ਹਨ (ਅਰਥਾਤ ਸਜਾਵਟ ਹੋ ਰਹੀ ਹੈ) ਅਤੇ ਕਿਤੇ ਤਕੜੀ ਡੀਲ ਡੌਲ ਵਾਲੇ ਸੂਰਵੀਰ ਸੋਭਾ ਪਾ ਰਹੇ ਹਨ। (ਕਵੀ) ਸ਼ਿਆਮ ਕਹਿੰਦੇ ਹਨ, ਉਥੇ ਸ੍ਰੀ ਕ੍ਰਿਸ਼ਨ ਇਸ ਤਰ੍ਹਾਂ ਸ਼ੋਭਾ ਪਾ ਰਹੇ ਹਨ ਜਿਵੇਂ ਤਾਰਿਆਂ ਵਿਚ ਚੰਦ੍ਰਮਾ (ਸ਼ੋਭਾ ਪਾਉਂਦਾ ਹੈ)।੨੩੯੦।

ਕਿਤੇ ਹੀਰਿਆਂ ਦੀ ਜੋਤਿ ਪ੍ਰਕਾਸ਼ਮਾਨ ਹੈ, ਕਿਤੇ ਲਾਲਾਂ ਨਾਲ ਜੜ੍ਹੇ ਮੰਦਿਰ (ਭਵਨ) ਸ਼ੋਭਾ ਪਾ ਰਹੇ ਹਨ। ਨਾਗਾਂ ਦੀ ਨਗਰੀ ਅਤੇ ਦੇਵਤਿਆਂ ਦੀ ਪੁਰੀ ਜਿਸ ਦੀ ਸੁੰਦਰਤਾ ਨੂੰ ਵੇਖ ਕੇ ਸਿਰ ਨੀਵਾਂ ਕਰ ਲੈਂਦੀਆਂ ਹਨ। ਜਿਸ ਨੂੰ ਵੇਖ ਕੇ ਬ੍ਰਹਮਾ ਰੀਝ ਰਿਹਾ ਹੈ ਅਤੇ (ਜਿਸ ਦੀ) ਪ੍ਰਭਾ ਨੂੰ ਤਕ ਕੇ ਸ਼ਿਵ ਲਲਚਾ ਰਿਹਾ ਹੈ। ਜਿਥੇ ਧਰਤੀ ਹੈ, ਉਥੇ ਜਲ ਪ੍ਰਤੀਤ ਹੁੰਦਾ ਹੈ ਅਤੇ ਜਿਥੇ ਜਲ ਹੈ (ਉਹ) ਪਛਾਣ ਵਿਚ ਨਹੀਂ ਆਉਂਦਾ।੨੩੯੧।

ਯੁਧਿਸ਼ਠਰ ਨੇ ਦੁਰਯੋਧਨ ਨੂੰ ਕਿਹਾ--

ਸਵੈਯਾ

ਇਸ ਤਰ੍ਹਾਂ ਦੀ ਸਭਾ ਬਣਵਾ ਕੇ ਯੁਧਿਸ਼ਠਰ ਨੇ ਧ੍ਰਿਤਰਾਸ਼ਟਰ ਦੇ ਪੁੱਤਰ (ਦੁਰਯੋਧਨ) ਨੂੰ ਬੁਲਵਾ ਲਿਆ। ਸੂਰਜ ਦੇ ਪੁੱਤਰ (ਕਰਨ) ਅਤੇ ਭੀਸ਼ਮ ਨੂੰ ਨਾਲ ਲੈ ਕੇ ਉਹ ਅਭਿਮਾਨ ਦਾ ਭਰਿਆ ਹੋਇਆ ਆਇਆ। ਜਿਥੇ ਧਰਤੀ ਸੀ, ਉਥੇ (ਉਸ ਨੇ) ਜਲ ਸਮਝਿਆ ਅਤੇ ਜਿਥੇ ਜਲ ਸੀ, ਉਥੇ ਭੂਮੀ ਸਮਝੀ। ਕਵੀ ਸ਼ਿਆਮ ਕਹਿੰਦੇ ਹਨ, (ਉਹ) ਨਿਸੰਗ ਪਾਣੀ ਵਿਚ ਡਿਗਿਆ (ਕਿਉਂਕਿ ਉਹ ਜਲ ਅਤੇ ਧਰਤੀ ਦੇ) ਭੇਦ ਨੂੰ ਨ ਸਮਝ ਸਕਿਆ।੨੩੯੨।

ਜਦੋਂ (ਦੁਰਯੋਧਨ) ਜਾ ਕੇ ਸਰੋਵਰ ਵਿਚ ਡਿਗ ਪਿਆ ਅਤੇ ਫਿਰ ਬਸਤ੍ਰ ਸਮੇਤ ਉਸ ਦਾ ਸ਼ਰੀਰ (ਪਾਣੀ ਵਿਚ) ਡੁਬ ਗਿਆ। ਡੁਬ ਕੇ ਜਦੋਂ (ਬਾਹਰ) ਨਿਕਲਿਆ ਤਾਂ ਉਸ ਰਾਜੇ ਨੇ ਚਿਤ ਵਿਚ ਬਹੁਤ ਕ੍ਰੋਧ ਕੀਤਾ ਹੋਇਆ ਸੀ। ਸ੍ਰੀ ਕ੍ਰਿਸ਼ਨ ਨੇ (ਕਿਸੇ ਪਹਿਲਾਂ ਦੀ ਚੜ੍ਹਾਈ ਹੋਈ ਵਰੀ ਦੇ) ਭਾਰ ਨੂੰ ਉਤਾਰਨ ਲਈ ਅੱਖ ਨਾਲ ਭੀਮ ਨੂੰ ਸੰਕੇਤ ਕੀਤਾ। ਉਹ (ਭੀਮ) ਇਸ ਤਰ੍ਹਾਂ ਨਾਲ ਬੋਲ ਉਠਿਆ--ਓਏ! ਅੰਨ੍ਹੇ ਦਾ ਪੁੱਤਰ ਅੰਨ੍ਹਾ ਹੀ ਜਮਿਆ ਹੈ।੨੩੯੩।

ਜਦ ਭੀਮ ਨੇ ਉਸ ਨਾਲ ਇਸ ਤਰ੍ਹਾਂ ਦਾ ਹਾਸਾ ਕੀਤਾ, ਤਾਂ ਰਾਜਾ (ਦੁਰਯੋਧਨ) ਚਿਤ ਵਿਚ ਬਹੁਤ ਕ੍ਰੋਧਵਾਨ ਹੋ ਗਿਆ। ਮੈਨੂੰ ਪੰਡੁ ਦੇ ਪੁੱਤਰ ਨੇ ਮਜ਼ਾਕ ਕੀਤਾ ਹੈ, (ਇਸ ਲਈ) ਹੁਣੇ ਹੀ ਇਸ ਦਾ ਬਧ ਕਰਦਾ ਹਾਂ, (ਇਹ ਵਿਚਾਰ ਉਸ ਦੇ) ਮਨ ਵਿਚ ਆਇਆ। ਭੀਸ਼ਮ ਅਤੇ ਦ੍ਰੋਣਾਚਾਰਯ ਮਨ ਵਿਚ ਕ੍ਰੋਧਿਤ ਹੋਏ, (ਪਰ) ਸ੍ਰੀ ਕ੍ਰਿਸ਼ਨ ਨੇ ਕਹਿ ਕੇ ਸੁਣਾਇਆ ਕਿ ਭੀਮ ਮੂਰਖ ਹੋ ਗਿਆ ਹੈ। (ਰੋਸ ਨਾਲ ਭਰਿਆ ਦੁਰਯੋਧਨ) ਆਪਣੇ ਘਰ ਨੂੰ ਪਰਤ ਗਿਆ ਅਤੇ ਇਸ ਸਭਾ ਵਿਚ ਫਿਰ (ਕਦੇ ਨ) ਆਇਆ।੨੩੯੪।

ਇਥੇ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਦੇ ਕ੍ਰਿਸਨਾਵਤਾਰ ਦਾ 'ਦੁਰਯੋਧਨ ਸਭਾ ਨੂੰ ਵੇਖ ਕੇ ਘਰ ਗਿਆ' ਅਧਿਆਇ ਦੀ ਸਮਾਪਤੀ।

ਹੁਣ ਬਕਤ੍ਰ ਦੈਂਤ ਦੇ ਯੁੱਧ ਦਾ ਕਥਨ

ਸਵੈਯਾ

ਉਧਰ ਕ੍ਰੁਧਿਤ ਹੋ ਕੇ ਦੁਰਯੋਧਨ ਘਰ ਗਿਆ, ਇਧਰ ਇਕ ਦੈਂਤ ਸੀ, ਉਸ ਨੂੰ ਕ੍ਰੋਧ ਆ ਗਿਆ। (ਉਸ ਨੇ ਸੋਚਿਆ) ਮੇਰੇ ਮਿਤਰ ਸ਼ਿਸ਼ੁਪਾਲ ਨੂੰ ਸ੍ਰੀ ਕ੍ਰਿਸ਼ਨ ਨੇ ਮਾਰਿਆ ਹੈ। (ਉਸ ਨੂੰ) ਮਾਰਦੇ ਹੋਇਆਂ (ਕ੍ਰਿਸ਼ਨ) ਜ਼ਰਾ ਜਿੰਨਾ ਵੀ ਨਹੀਂ ਡਰਿਆ। ਉਸ ਦੇ ਮਨ

ਲੈ ਸਿਵ ਤੇ ਬਰ ਹਉ ਇਹ ਕੋ ਬਧੁ ਜਾਇ ਕਰੋ ਜੀਅ ਭੀਤਰ ਆਯੋ।
ਧਾਇ ਕਿਦਾਰ ਕੀ ਓਰਿ ਚਲਿਓ ਕਬਿ ਸ੍ਯਾਮ ਇਹੈ ਚਿਤ ਮੈ ਠਹਰਾਯੋ। ੨੩੬੫।

ਬਦ੍ਰੀ ਕਿਦਾਰ ਕੇ ਭੀਤਰ ਜਾਇ ਕੈ ਸੇਵ ਕਰੀ ਮਹਾਰੁਦ੍ਰ ਰਿਝਾਯੋ।
ਲੈ ਕੈ ਬਿਵਾਨ ਚਲਿਓ ਉਤ ਤੇ ਜਬ ਹੀ ਹਰਿ ਕੇ ਬਧੁ ਕੋ ਬਰੁ ਪਾਯੋ।
ਦ੍ਵਾਰਵਤੀ ਹੂ ਕੇ ਭੀਤਰ ਆਇ ਕੈ ਕਾਨ੍ਹ ਕੇ ਪੁਤ੍ਰ ਸੋ ਜੁਧੁ ਮਚਾਯੋ।
ਸੋ ਸੁਨਿ ਸ੍ਯਾਮ ਬਿਦਾ ਲੈ ਕੈ ਭੂਪ ਤੇ ਸ੍ਯਾਮ ਭਨੈ ਤਿਹ ਠਉਰ ਸਿਧਾਯੋ। ੨੩੬੬।

ਦ੍ਵਾਰਵਤੀ ਹੂ ਕੇ ਬੀਚ ਜਬੈ ਹਰਿ ਜੂ ਗਯੋ ਤਉ ਸੋਊ ਸਤ੍ਰੁ ਨਿਹਾਰਿਯੋ।
ਸ੍ਯਾਮ ਭਨੈ ਤਬ ਹੀ ਤਿਹ ਕਉ ਲਰੁ ਰੇ ਹਮ ਸੋ ਬ੍ਰਿਜਨਾਥ ਉਚਾਰਿਯੋ।
ਯੌ ਸੁਨਿ ਵਾ ਬਤੀਯਾ ਹਰਿ ਕੋ ਕਸਿ ਕਾਨ ਪ੍ਰਮਾਨ ਲਉ ਬਾਨ ਪ੍ਰਹਾਰਿਯੋ।
ਮਾਨੋ ਤਚੀ ਅਤਿ ਪਾਵਕ ਊਪਰ ਕਾਹੂ ਬੁਝਾਇਬੇ ਕੋ ਘ੍ਰਿਤ ਡਾਰਿਯੋ। ੨੩੬੭।

ਮਾਰਤ ਭਯੋ ਅਰਿ ਬਾਨ ਜਬੈ ਹਰਿ ਸ੍ਯੰਦਨ ਵਾਹੀ ਕੀ ਓਰਿ ਧਵਾਯੋ।
ਆਵਤ ਭਯੋ ਉਤ ਤੇ ਅਰਿ ਸੋ ਇਤ ਤੇ ਏਊ ਗੇ ਮਿਲਿ ਕੈ ਰਨ ਪਾਯੋ।
ਸ੍ਯੰਦਨ ਹੂ ਬਲਿ ਕੈ ਸੰਗਿ ਸ੍ਯੰਦਨ ਢਾਹਿ ਦਯੋ ਕਬਿ ਯੌ ਜਸੁ ਗਾਯੋ।
ਜਿਉ ਸਹਬਾਜ ਮਨੋ ਚਕਵਾ ਸੰਗ ਏਕ ਧਕਾ ਹੂ ਕੇ ਮਾਰਿ ਗਿਰਾਯੋ। ੨੩੬੮।

ਰਥ ਤੋਰ ਕੈ ਸਤ੍ਰ ਕੀ ਨੰਦਗ ਸੋ ਕਬਿ ਸ੍ਯਾਮ ਕਹੈ ਕਟਿ ਗ੍ਰੀਵ ਗਿਰਾਈ।
ਅਉਰ ਜਿਤੀ ਤਿਹ ਕੇ ਸੰਗ ਸੈਨ ਹੁਤੀ ਸੁ ਭਲੇ ਜਮ ਲੋਕਿ ਪਠਾਈ।
ਰੋਸ ਭਰਿਯੋ ਹਰਿ ਠਾਢੋ ਰਹਿਯੋ ਰਨਿ ਸੋ ਉਪਮਾ ਕਬਿ ਸ੍ਯਾਮ ਸੁਨਾਈ।
ਸ੍ਰੀ ਬ੍ਰਿਜਨਾਇਕ ਚਉਦਹੂ ਲੋਕ ਮੈ ਪਾਵਤ ਭਯੋ ਬਡੀ ਯੌ ਸੁ ਬਡਾਈ। ੨੩੬੯।

ਦੋਹਰਾ

ਦੰਤਬਕ੍ਰ ਤਬ ਚਿਤ ਮੈ ਅਤਿ ਹੀ ਕੋਪ ਬਢਾਇ।
ਸ੍ਰੀ ਜਦੁਪਤਿ ਜਹ ਠਾਢੋ ਹੋ[੧] ਤਹ ਹੀ ਪਹੁਚਿਓ ਜਾਇ। ੨੩੭੦।

ਸਵੈਯਾ

ਸ੍ਰੀ ਬ੍ਰਿਜ ਨਾਇਕ ਕਉ ਜਬ ਹੀ ਤਿਨ ਆਇ ਆਯੋਧਨ ਬੀਚ ਹਕਾਰਿਯੋ।
ਹਉ ਮਰਿਹਉ ਨਹੀ ਯੌ ਕਹਿਯੋ ਤਾਹਿ ਸੁ ਜਿਉ ਸਿਸੁਪਾਲ ਬਲੀ ਤੁਹਿ ਮਾਰਿਯੋ।
ਐਸੇ ਸੁਨਿਯੋ ਜਬ ਸ੍ਯਾਮ ਜੂ ਬੈਨ ਤਬੈ ਹਰਿ ਜੂ ਪੁਨਿ ਬਾਨ ਸੰਭਾਰਿਯੋ।
ਸਤ੍ਰੁ ਕੋ ਸ੍ਯਾਮ ਭਨੈ ਰਥ ਤੇ ਫੁਨਿ ਮੂਰਛ ਕੈ ਕਰਿ ਭੂ ਪਰ ਡਾਰਿਯੋ। ੨੩੭੧।

ਲੈ ਸੁਧਿ ਹ੍ਵੈ ਸੋਊ ਲੋਪ ਗਯੋ ਫਿਰਿ ਕੋਪ ਭਰਿਯੋ ਰਨ ਭੀਤਰ ਆਯੋ।
ਕਾਨ੍ਹ ਕੇ ਬਾਪ ਕੋ ਕਾਨ੍ਹ ਹੀ ਕਉ ਕਟਿ ਮਾਯਾ ਕੋ ਕੈ ਇਕ ਮੂੰਡ ਦਿਖਾਯੋ।

੧. 'ਹੁਤੋ'

ਵਿਚ (ਵਿਚਾਰ) ਆਇਆ ਕਿ ਸ਼ਿਵ ਪਾਸੋਂ ਵਰ ਲੈ ਕੇ ਇਸ ਦਾ ਜਾ ਕੇ ਬਧ ਕਰ ਦਿਆਂ। ਕਵੀ ਸ਼ਿਆਮ (ਕਹਿੰਦੇ ਹਨ), ਇਹ ਗੱਲ ਮਨ ਵਿਚ ਠਹਿਰਾ ਕੇ ਉਹ ਭਜ ਕੇ ਕੇਦਾਰ ਪਰਬਤ ਵਲ ਚਲਿਆ ਗਿਆ।੨੩੬੫।

ਬਦਰੀ ਕੇਦਾਰ (ਬਦਰਿਕਾ ਆਸ਼੍ਰਮ) ਵਿਚ ਜਾ ਕੇ ਸੇਵਾ ਕੀਤੀ ਅਤੇ ਮਹਾਰੁਦ੍ਰ ਨੂੰ ਪ੍ਰਸੰਨ ਕੀਤਾ। ਜਦੋਂ ਉਸ ਨੇ ਸ੍ਰੀ ਕ੍ਰਿਸ਼ਨ ਦਾ ਬਧ ਕਰਨ ਦਾ ਵਰ ਪ੍ਰਾਪਤ ਕਰ ਲਿਆ ਤਾਂ ਉਥੋਂ ਵਿਮਾਨ ਲੈ ਕੇ ਚਲ ਪਿਆ। ਦੁਆਰਿਕਾ ਵਿਚ ਆ ਕੇ ਸ੍ਰੀ ਕ੍ਰਿਸ਼ਨ ਦੇ ਪੁੱਤਰ ਨਾਲ ਯੁੱਧ ਮਚਾਇਆ। (ਕਵੀ) ਸ਼ਿਆਮ ਕਹਿੰਦੇ ਹਨ, ਸ੍ਰੀ ਕ੍ਰਿਸ਼ਨ ਇਹ ਸੁਣ ਕੇ ਅਤੇ ਰਾਜਾ (ਯੁਧਿਸ਼ਠਰ ਪਾਸੋਂ) ਵਿਦਾ ਲੈ ਕੇ ਉਸ ਸਥਾਨ ਵਲ ਚਲ ਪਏ।੨੩੬੬।

ਦੁਆਰਿਕਾ ਵਿਚ ਜਦ ਕ੍ਰਿਸ਼ਨ ਜੀ ਪਹੁੰਚ ਗਏ ਤਦ ਉਸ ਵੈਰੀ ਨੂੰ ਵੇਖਿਆ। (ਕਵੀ) ਸ਼ਿਆਮ ਕਹਿੰਦੇ ਹਨ, ਉਸ ਵੇਲੇ ਸ੍ਰੀ ਕ੍ਰਿਸ਼ਨ ਨੇ ਉਸ ਨੂੰ ਕਿਹਾ ਕਿ ਤੂੰ ਮੇਰੇ ਨਾਲ ਆ ਕੇ ਯੁੱਧ ਕਰ। ਉਸ ਨੇ ਸ੍ਰੀ ਕ੍ਰਿਸ਼ਨ ਦੀ ਗੱਲ ਸੁਣ ਕੇ ਕੰਨ ਤਕ ਬਾਣ ਨੂੰ ਖਿਚ ਕੇ ਚਲਾ ਦਿੱਤਾ। (ਇੰਜ ਪ੍ਰਤੀਤ ਹੁੰਦਾ ਹੈ) ਮਾਨੋ ਅਤਿ ਭੜਕੀ ਹੋਈ ਅੱਗ ਉਤੇ ਕਿਸੇ ਨੇ ਬੁਝਾਉਣ ਲਈ ਘਿਓ ਪਾ ਦਿੱਤਾ ਹੋਏ।੨੩੬੭।

ਜਦੋਂ ਵੈਰੀ ਨੇ ਬਾਣ ਮਾਰਿਆ (ਤਾਂ) ਸ੍ਰੀ ਕ੍ਰਿਸ਼ਨ ਨੇ ਰਥ ਨੂੰ ਉਸ ਵਲ ਭਜਾ ਦਿੱਤਾ। ਉਸ ਪਾਸਿਓਂ ਵੈਰੀ ਆ ਗਿਆ ਅਤੇ ਇਧਰੋਂ ਇਹ ਪਹੁੰਚ ਗਏ। (ਦੋਹਾਂ ਨੇ) ਆਪਸ ਵਿਚ (ਖੂਬ) ਯੁੱਧ ਮਚਾਇਆ। (ਸ੍ਰੀ ਕ੍ਰਿਸ਼ਨ ਨੇ) ਰਥ ਨੂੰ ਜ਼ੋਰ ਨਾਲ ਟਕਰਾ ਕੇ (ਉਸ ਦੇ) ਰਥ ਨੂੰ ਢਾਹ ਦਿੱਤਾ। (ਕਵੀ ਨੇ ਉਸ ਦੀ) ਉਪਮਾ ਇਸ ਤਰ੍ਹਾਂ ਕੀਤੀ ਹੈ ਜਿਵੇਂ ਸ਼ਾਹਬਾਜ਼ ਇਕੋ ਹੀ ਝਪਟ ਨਾਲ ਚਕਵੇ ਨੂੰ ਮਾਰ ਸੁਟਦਾ ਹੈ।੨੩੬੮।

ਕਵੀ ਸ਼ਿਆਮ ਕਹਿੰਦੇ ਹਨ, ਵੈਰੀ ਦਾ ਰਥ ਤੋੜ ਕੇ, ਨੰਦਗ (ਖੜਗ) ਨਾਲ ਉਸ ਦੀ ਧੌਣ ਲਾਹ ਸੁਟੀ। ਉਸ ਨਾਲ ਹੋਰ ਜਿਤਨੀ ਸੈਨਾ ਸੀ, ਉਸ ਨੂੰ ਚੰਗੀ ਤਰ੍ਹਾਂ (ਮਾਰ ਕੇ) ਯਮਲੋਕ ਭੇਜ ਦਿੱਤਾ। ਕ੍ਰੋਧ ਨਾਲ ਭਰੇ ਹੋਏ ਸ੍ਰੀ ਕ੍ਰਿਸ਼ਨ ਯੁੱਧ-ਭੂਮੀ ਵਿਚ ਖੜੋਤੇ ਹਨ। (ਉਸ ਦ੍ਰਿਸ਼ ਦੀ) ਉਪਮਾ ਕਵੀ ਸ਼ਿਆਮ ਨੇ ਇਸ ਤਰ੍ਹਾਂ ਸੁਣਾਈ ਹੈ। ਸ੍ਰੀ ਕ੍ਰਿਸ਼ਨ ਨੇ ਚੌਦਾਂ ਲੋਕਾਂ ਵਿਚ ਇਸ ਤਰ੍ਹਾਂ ਬਹੁਤ ਵਡਿਆਈ ਪ੍ਰਾਪਤ ਕੀਤੀ ਹੈ।੨੩੬੯।

ਦੋਹਰਾ

ਤਦ ਦੰਤ ਬਕਤ੍ਰ ਚਿਤ ਵਿਚ ਬਹੁਤ ਕ੍ਰੋਧ ਵਧਾ ਕੇ, ਜਿਥੇ ਸ੍ਰੀ ਕ੍ਰਿਸ਼ਨ ਖੜੋਤੇ ਸਨ, ਉਥੇ ਆ ਪਹੁੰਚਿਆ।੨੩੭੦।

ਸਵੈਯਾ

ਸ੍ਰੀ ਕ੍ਰਿਸ਼ਨ ਨੂੰ ਜਦੋਂ ਉਸ ਨੇ ਯੁੱਧ ਖੇਤਰ ਵਿਚ ਆ ਕੇ ਲਲਕਾਰਿਆ ਅਤੇ ਕਿਹਾ- 'ਮੈਂ ਉਸ ਤਰ੍ਹਾਂ ਨਹੀਂ ਮਾਰਿਆ ਜਾਵਾਂਗਾ, ਜਿਸ ਤਰ੍ਹਾਂ ਬਲਵਾਨ ਸ਼ਿਸ਼ੁਪਾਲ ਨੂੰ ਤੂੰ ਮਾਰਿਆ ਸੀ'। ਜਦ ਕ੍ਰਿਸ਼ਨ ਜੀ ਨੇ ਇਸ ਤਰ੍ਹਾਂ ਦਾ ਬੋਲ ਸੁਣਿਆ ਤਾਂ ਸ੍ਰੀ ਕ੍ਰਿਸ਼ਨ ਨੇ ਫਿਰ ਬਾਣ ਸੰਭਾਲ ਲਿਆ। (ਕਵੀ) ਸ਼ਿਆਮ ਕਹਿੰਦੇ ਹਨ, ਫਿਰ ਵੈਰੀ ਨੂੰ ਰਥ ਉਤੇ ਮੁਰਛਿਤ ਕਰ ਕੇ, ਧਰਤੀ ਉਤੇ ਡਿਗਾ ਦਿੱਤਾ।੨੩੭੧।

ਹੋਸ਼ ਸੰਭਾਲ ਕੇ ਉਹ (ਉਥੋਂ) ਲੋਪ ਹੋ ਗਿਆ ਅਤੇ ਕ੍ਰੋਧ ਦਾ ਭਰਿਆ ਹੋਇਆ ਫਿਰ ਯੁੱਧ-ਭੂਮੀ ਵਿਚ ਆ ਗਿਆ। (ਫਿਰ) ਛਲ ਵਿਦਿਆ ਨਾਲ ਸ੍ਰੀ ਕ੍ਰਿਸ਼ਨ ਦੇ ਪਿਤਾ ਬਸੁਦੇਵ ਦਾ ਸਿਰ ਕਟ ਕੇ ਕ੍ਰਿਸ਼ਨ ਨੂੰ ਵਿਖਾਇਆ। ਤਦ ਸ੍ਰੀ ਕ੍ਰਿਸ਼ਨ ਨੇ ਬਹੁਤ ਕ੍ਰੋਧ ਕੀਤਾ

ਕੋਪ ਕੀਯੋ ਘਨਿ ਸ੍ਯਾਮ ਤਬੈ ਅਰੁ ਨੈਨ ਦੁਹੂਨ ਤੇ ਨੀਰ ਬਹਾਯੋ।
ਹਾਥ ਪੈ ਚਕ੍ਰ ਸੁਦਰਸਨ ਲੈ ਅਰਿ ਕੋ ਸਿਰ ਕਾਟਿ ਕੈ ਭੂਮਿ ਗਿਰਾਯੋ। ੨੩੭੨।

ਇਤਿ ਸ੍ਰੀ ਦਸਮ ਸਕੰਧ ਪੁਰਾਣੇ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ ਦੰਤ ਬਕਤ੍ਰ ਦੈਤ ਬਧਹ ਧਿਆਇ ਸੰਪੂਰਨੰ[1]।

ਅਥ ਬੈਦੂਰਥ ਦੈਤ ਬਧ ਕਥਨੰ[2]

ਕਬਿਯੋ ਬਾਚ

ਸਵੈਯਾ

ਜਾਹਿ ਸਿਵਾਦਿਕ ਬ੍ਰਹਮ ਨਿਮਿਓ ਸੁ ਸਦਾ ਅਪਨੇ ਚਿਤ ਬੀਚ ਬਿਚਾਰਿਯੋ।
ਸ੍ਯਾਮ ਭਨੈ ਤਿਹ ਕਉ ਤਬ ਹੀ ਕਬ ਹੀ ਕਿਰਪਾ ਨਿਧਿ ਰੂਪ ਦਿਖਾਰਿਯੋ।
ਰੰਗ ਨ ਰੂਪ ਅਉ ਰਾਗ ਨ ਰੇਖ ਇਹੈ ਚਹੂੰ ਬੇਦਨ ਭੇਦ ਉਚਾਰਿਯੋ।
ਤਾ ਧਰਿ ਮੂਰਤਿ ਜੁਧ ਬਿਖੈ ਇਹ ਸ੍ਯਾਮ ਭਨੈ ਰਨ ਬੀਚ ਸੰਘਾਰਿਯੋ। ੨੩੭੩।

ਦੋਹਰਾ

ਕ੍ਰਿਸਨ ਕੋਪ ਜਬ ਸਤ੍ਰੁ ਦ੍ਵੈ ਰਨ ਮੈ ਦਏ ਖਪਾਇ।
ਤੀਸਰ ਜੋ ਜੀਵਤ ਬਚਿਯੋ ਸੋ ਤਹ ਪਹੁਚਿਯੋ ਆਇ। ੨੩੭੪।

ਦਾਤਨ ਸੋ ਦੋਊ ਹੋਠ ਕਟਿ ਦੋਊ ਨਚਾਵਤ ਨੈਨ।
ਤਬ ਹਲਧਰ ਤਿਹ ਸੋ[3] ਕਹੇ ਕਹਿਤ ਸ੍ਯਾਮ ਏ ਬੈਨ। ੨੩੭੫।

ਸਵੈਯਾ

ਕਿਉ ਜੜ ਜੁਧ ਕਰੈ ਹਰਿ ਸਿਉ ਮਧੁ ਕੀਟਭ ਸੇ ਜਿਹ ਸਤ੍ਰੁ ਖਪਾਏ।
ਰਾਵਨ ਸੇ ਹਰਿਨਾਖਸ ਸੇ ਹਰਿਨਾਛ ਹੁ ਸੇ ਜਗਿ ਜਾਨਿ ਨ ਪਾਏ।
ਕੰਸਹਿ ਸੇ ਅਰੁ ਸੰਧਿ ਜਰਾ ਸੰਗ ਦੇਸਨ ਦੇਸਨ ਕੇ ਨ੍ਰਿਪ ਆਏ।
ਤੈ ਰੇ ਕਹਾ ਅਰੇ ਸੋ ਛਿਨ ਮੈ ਇਹ ਸ੍ਯਾਮ ਭਨੈ ਜਮਲੋਕ ਪਠਾਏ। ੨੩੭੬।

ਸ੍ਰੀ ਬ੍ਰਿਜਨਾਥ ਤਬੈ ਤਿਹ ਸੋ ਕਬਿ ਸ੍ਯਾਮ ਕਹੈ ਇਹ ਭਾਤਿ ਉਚਾਰਿਯੋ।
ਮੈ ਬਕ ਬੀਰ ਅਘਾਸੁਰ ਮਾਰਿ ਸੁ ਕੇਸਨਿ ਤੇ ਗਹਿ ਕੰਸ ਪਛਾਰਿਯੋ।
ਤੇਈ ਛੂਹਨ ਸੰਧਿ ਜਰਾ ਹੂ ਕੀ ਮੈ ਸੁਨਿ ਸੈਨ ਸੁਧਾਰਿ ਬਿਦਾਰਿਯੋ।
ਤੈ ਹਮਰੇ ਬਲ ਅਗ੍ਰਜ ਸ੍ਯਾਮ ਕਹਿਯੋ ਘਨ ਸ੍ਯਾਮ ਤੇ ਕਉਨ ਬਿਚਾਰਯੋ। ੨੩੭੭।

ਮੋਹਿ ਡਰਾਵਤ ਹੈ ਕਹਿ ਯੌ ਮੁਹ ਕੰਸ ਕੋ ਬੀਰ ਬਕੀ ਬਕ ਮਾਰਿਯੋ।
ਸੰਧਿ ਜਰਾ ਹੂ ਕੀ ਸੈਨ ਸਭੈ ਮੋਹਿ ਭਾਖਤ ਹੋ ਛਿਨ ਮਾਹਿ ਸੰਘਾਰਿਯੋ।
ਮੋ ਕਉ ਕਹੈ ਬਲੁ ਤੇਰੋ ਅਰੇ ਮੇਰੇ ਪਉਰਖ ਅਗ੍ਰਜ ਕਉਨ ਬਿਚਾਰਿਯੋ।
ਸੂਰਨ ਕੀ ਇਹ ਰੀਤਿ ਨਹੀ ਹਰਿ ਛਤ੍ਰੀ ਹੈ ਤੂ ਕਿ ਭਯੋ ਭਠਿਆਰਿਯੋ। ੨੩੭੮।

੧. ਕਈਆਂ ਬੀੜਾਂ ਵਿਚ ਇਹ ਉਕਤੀ ਨਹੀਂ ਲਿਖੀ ੨. ਕਈਆਂ ਬੀੜਾਂ ਵਿਚ ਇਹ ਉਕਤੀ ਨਹੀਂ ਲਿਖੀ
੩. 'ਮੋ'

ਅਤੇ ਦੋਹਾਂ ਨੈਣਾਂ ਤੋਂ ਹੰਝੂ ਵਗਾਏ। ਹੱਥ ਵਿਚ ਸੁਦਰਸ਼ਨ ਚੱਕਰ ਲੈ ਕੇ ਵੈਰੀ ਦਾ ਸਿਰ ਕਟ ਕੇ ਧਰਤੀ ਉਤੇ ਡਿਗਾ ਦਿੱਤਾ।੨੩੭੨।

ਇਥੇ ਸ੍ਰੀ ਦਸਮ ਸਕੰਧ ਪੁਰਾਣ, ਬਚਿਤ੍ਰ ਨਾਟਕ ਗ੍ਰੰਥ ਦੇ ਕ੍ਰਿਸ਼ਨਾਵਤਾਰ ਦੇ ਦੰਤ ਬਕਤ੍ਰ ਦੈਂਤ ਦੇ ਬਧ ਦੇ ਅਧਿਆਇ ਦੀ ਸਮਾਪਤੀ।

ਹੁਣ ਬੈਦੂਰਥ ਦੈਂਤ ਦੇ ਬਧ ਦਾ ਕਥਨ

ਕਵੀ ਨੇ ਕਿਹਾ--

ਸਵੈਯਾ

ਜਿਸ ਨੂੰ ਬ੍ਰਹਮਾ ਅਤੇ ਸ਼ਿਵ ਆਦਿਕ ਨਮਸਕਾਰ ਕਰਦੇ ਹਨ, ਉਸ ਨੂੰ (ਜਿਨ੍ਹਾਂ ਨੇ) ਸਦਾ ਆਪਣੇ ਚਿਤ ਵਿਚ ਵਿਚਾਰਿਆ ਹੈ (ਅਰਥਾਤ ਧਿਆਨ ਵਿਚ ਲਿਆਉਂਦਾ ਹੈ)। (ਕਵੀ) ਸ਼ਿਆਮ ਕਹਿੰਦੇ ਹਨ, ਉਨ੍ਹਾਂ ਨੂੰ ਕਦੇ ਨ ਕਦੇ ਕ੍ਰਿਪਾ ਨਿਧਾਨ ਦਰਸ਼ਨ (ਜ਼ਰੂਰ) ਦਿੰਦੇ ਹਨ। (ਜਿਸ ਦਾ) ਰੂਪ, ਰੰਗ, ਰੇਖ ਅਤੇ ਰਾਗ (ਮੋਹ) ਨਹੀਂ ਹੈ, ਇਸੇ ਭੇਦ ਨੂੰ ਚੌਹਾਂ ਵੇਦਾਂ ਨੇ ਪ੍ਰਗਟ ਕੀਤਾ ਹੈ। (ਕਵੀ) ਸ਼ਿਆਮ ਕਹਿੰਦੇ ਹਨ, ਓਹੀ ਇਹ ਸਰੂਪ ਧਾਰਨ ਕਰ ਕੇ ਰਣ-ਖੇਤਰ ਵਿਚ ਯੁੱਧ ਕਰ ਕੇ (ਉਸ ਦੈਂਤ ਨੂੰ) ਮਾਰ ਰਿਹਾ ਹੈ।੨੩੭੩।

ਦੋਹਰਾ

ਕ੍ਰਿਸ਼ਨ ਨੇ ਜਦ ਕ੍ਰੋਧ ਕਰ ਕੇ ਦੋਹਾਂ ਵੈਰੀਆਂ ਨੂੰ ਰਣਭੂਮੀ ਵਿਚ ਨਸ਼ਟ ਕਰ ਦਿੱਤਾ, (ਤਦ) ਜੋ ਤੀਜਾ ਜੀਉਂਦਾ ਬਚਿਆ ਸੀ, ਉਹ ਵੀ ਆ ਪਹੁੰਚਿਆ।੨੩੭੪।

ਉਹ ਦੰਦਾਂ ਨਾਲ ਦੋਵੇਂ ਹੋਠ ਕਟ ਰਿਹਾ ਸੀ ਅਤੇ ਦੋਹਾਂ ਅੱਖਾਂ ਨਾਲ ਘੂਰ ਰਿਹਾ ਸੀ। ਤਦ ਬਲਰਾਮ ਨੇ ਉਸ ਨੂੰ ਇਹ ਬਚਨ ਕਹੇ, (ਕਵੀ) ਸ਼ਿਆਮ ਉਹੀ ਬੋਲ ਕਹਿ ਰਿਹਾ ਹੈ।੨੩੭੫।

ਸਵੈਯਾ

ਹੇ ਮੂਰਖ! ਸ੍ਰੀ ਕ੍ਰਿਸ਼ਨ ਨਾਲ ਕਿਉਂ ਯੁੱਧ ਕਰਦਾ ਹੈਂ, ਜਿਸ ਨੇ ਮਧੁ ਅਤੇ ਕੈਟਭ ਵਰਗੇ ਵੈਰੀ ਨਸ਼ਟ ਕਰ ਦਿੱਤੇ ਹਨ। ਰਾਵਣ ਵਰਗੇ, ਹਰਨਾਖਸ ਜਿਹੇ, ਹਰਨਾਛ ਵਰਗੇ ਜਗਤ ਵਿਚ ਉਸ ਨੂੰ ਸਮਝ ਨਹੀਂ ਸਕੇ ਹਨ। ਕੰਸ ਅਤੇ ਜਰਾਸੰਧ ਵਰਗਿਆਂ ਨਾਲ ਦੇਸ਼ਾਂ ਦੇਸ਼ਾਂਤਰਾਂ ਤੋਂ ਰਾਜੇ ਆਏ ਸਨ। (ਕਵੀ) ਸ਼ਿਆਮ ਕਹਿੰਦੇ ਹਨ, ਹੇ ਮੂਰਖ! ਤੂੰ ਕੀ ਅੜੇਂਗਾ, ਉਨ੍ਹਾਂ ਨੂੰ (ਸ੍ਰੀ ਕ੍ਰਿਸ਼ਨ ਨੇ) ਛਿਣ ਭਰ ਵਿਚ ਯਮਲੋਕ ਪਹੁੰਚਾ ਦਿੱਤਾ ਸੀ।੨੩੭੬।

ਕਵੀ ਸ਼ਿਆਮ ਕਹਿੰਦੇ ਹਨ, ਤਦੋਂ ਸ੍ਰੀ ਕ੍ਰਿਸ਼ਨ ਨੇ ਉਸ ਨੂੰ ਇਸ ਤਰ੍ਹਾਂ ਕਿਹਾ-- ਮੈਂ ਬਕਾਸੁਰ ਅਤੇ ਅਘਾਸੁਰ ਨੂੰ ਮਾਰ ਦਿੱਤਾ ਹੈ ਅਤੇ ਕੇਸਾਂ ਤੋਂ ਪਕੜ ਕੇ ਕੰਸ ਨੂੰ ਪਛਾੜ ਸੁਟਿਆ ਹੈ। ਸੁਣ, ਜਰਾਸੰਧ ਦੀ ਤੇਈ ਅਛੋਹਣੀ ਸੈਨਾ ਨੂੰ ਮੈਂ ਚੰਗੀ ਤਰ੍ਹਾਂ ਨਸ਼ਟ ਕਰ ਦਿੱਤਾ ਹੈ। ਸ੍ਰੀ ਕ੍ਰਿਸ਼ਨ ਨੇ ਕਿਹਾ--ਤੂੰ ਸਾਡੇ ਬਲ ਸਾਹਮਣੇ (ਅਰਥਾਤ ਬਰਾਬਰ) ਕਿਸ ਨੂੰ ਸਮਝਿਆ ਹੈ।੨੩੭੭।

ਉੱਤਰ ਵਿਚ ਉਸ ਨੇ ਕਿਹਾ--ਇਸ ਤਰ੍ਹਾਂ ਕਹਿ ਕੇ ਮੈਨੂੰ ਡਰਾਉਂਦਾ ਹੈ ਕਿ ਕੰਸ ਦੇ ਸੂਰਵੀਰਾਂ 'ਬਕੀ' ਅਤੇ 'ਬਕ' ਨੂੰ ਮਾਰ ਦਿੱਤਾ ਹੈ, (ਫਿਰ) ਮੈਨੂੰ ਕਹਿੰਦਾ ਹੈਂ ਕਿ ਜਰਾਸੰਧ ਦੀ ਸਾਰੀ ਸੈਨਾ ਨੂੰ ਛਿਣ ਭਰ ਵਿਚ ਨਸ਼ਟ ਕਰ ਦਿੱਤਾ ਹੈ। ਓਇ (ਕ੍ਰਿਸ਼ਨ! ਤੂੰ) ਮੈਨੂੰ ਕਹਿੰਦਾ ਹੈਂ ਕਿ ਮੇਰੇ ਬਲ ਦੇ ਅਗੇ ਕੌਣ ਵਿਚਾਰਿਆ ਜਾ ਸਕਦਾ ਹੈ। ਹੇ ਕ੍ਰਿਸ਼ਨ! ਤੂੰ ਛਤ੍ਰੀ ਹੈਂ ਕਿ ਭਠਿਆਰਾ (ਕਿਉਂਕਿ) ਸੂਰਮਿਆਂ ਦੀ ਇਹ ਰੀਤ ਨਹੀਂ (ਕਿ ਆਪਣੀ ਸਿਫ਼ਤ ਆਪ ਕਰਨ)।੨੩੭੮।

ਆਪਨੇ ਕੋਪ ਕੀ ਪਾਵਕ ਮੈ ਬਲ ਤੇਰੋ ਸਬੈ ਸਮ ਫੂਸ ਜਰੈ ਹੋ।
ਸ੍ਰੋਨ ਜਿਤੋ ਤੁਹ ਅੰਗਨ ਮੈ ਸੁ ਸਭੈ ਸਮ ਨੀਰਹ ਕੀ ਆਵਟੈ ਹੋ।
ਦੇਗਚਾ ਆਪਨੇ ਪਉਰਖ ਕੋ ਰਨ ਮੈ ਜਬ ਹੀ ਕਬਿ ਸ੍ਯਾਮ ਚੜੇ ਹੋ।
ਤਉ ਤੇਰੋ ਅੰਗ ਕੋ ਮਾਸੁ ਸਬੈ ਤਿਹ ਭੀਤਰ ਡਾਰ ਆਛੈ ਪਕੈ ਹੋ। ੨੩੭੯।

ਐਸੇ ਬਿਬਾਦ ਕੈ ਆਹਵ ਮੈ ਦੋਊ ਕ੍ਰੋਧ ਭਰੇ ਅਤਿ ਜੁਧੁ ਮਚਾਯੋ।
ਬਾਨਨ ਸਿਉ ਦਿਵ ਅਉਰ ਦਿਵਾਕਰਿ ਧੂਰਿ ਉਠੀ ਰਥ ਪਹੀਯਨ ਛਾਯੋ।
ਕਉਤੁਕ ਦੇਖੀਨ ਕਉ ਸਸਿ ਸੂਰਜ ਆਏ ਹੁਤੇ ਤਿਨ ਮੰਗਲ ਗਾਯੋ।
ਅੰਤ ਨ ਸ੍ਯਾਮ ਤੇ ਜੀਤ ਸਕਿਯੋ ਸੋਊ ਅੰਤਹਿ ਕੇ ਫੁਨਿ ਧਾਮਿ ਸਿਧਾਯੋ। ੨੩੮੦।

ਸ੍ਰੀ ਬ੍ਰਿਜਨਾਥ ਹਨਿਯੋ ਅਰਿਕੋ ਕਬਿ ਸ੍ਯਾਮ ਕਹੈ ਕਰਿ ਗਾਢ ਅਯੋਧਨ।
ਹ੍ਵੈ ਕੈ ਕੁਰੂਪ ਪਰਿਯੋ ਧਰਿ ਜੁਧ ਕੀ ਤਉਨ ਸਮੈ ਬਯਦੂਰਥ ਕੋ ਤਨ।
ਸ੍ਰੋਨਤ ਸੰਗ ਭਰਿਯੋ ਪਰਿਯੋ ਦੇਖਿ ਦਯਾ ਉਪਜੀ ਕਰੁਨਾਨਿਧਿ ਕੇ ਮਨਿ।
ਛੋਰਿ ਸਰਾਸਨ ਟੇਰ ਕਹਿਯੋ ਦਿਨ ਆਜੁ ਕੇ ਤੈ ਕਰਿਹੋ ਨ ਕਬੈ ਰਨ। ੨੩੮੧।

ਇਤਿ ਸ੍ਰੀ ਦਸਮ ਸਿਕੰਧ ਪੁਰਾਣੇ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ ਬਯਦੂਰਥ ਦੈਤ ਬਧਹ ਧਿਆਇ ਸਮਾਤਮੰ।

ਬਲਿਭਦ੍ਰ ਜੂ ਤੀਰਥ ਗਵਨ ਕਥਨੰ

ਚੌਪਈ

ਤੀਰਥ ਕਰਨ ਬਲਿਭਦ੍ਰ ਸਿਧਾਯੋ। ਨੈਮਖ੍ਵਰਨ ਭੀਤਰ ਆਯੋ।
ਆਇ ਤਹਾ ਨਾਵਨ ਇਨ ਕਯੋ। ਚਿਤ ਕੋ ਸੋਕ ਦੂਰ ਕਰਿ ਦਯੋ। ੨੩੮੨।

ਤੋਮਰ

ਰੋਮ ਹਰਖ ਨ ਥੋ ਤਹਾ ਸੋਊ ਆਯੋ ਤਹ ਦਉਰਿ।
ਹਲੀ ਮਦਰਾ ਪੀਤ ਥੋ ਕਬਿ ਸ੍ਯਾਮ ਤਾਹੀ ਠਾਉਰਿ।
ਸੋਊ ਆਇ ਠਾਢ ਭਯੋ ਤਹਾ ਜੜ ਯਾਹਿ ਸਿਰ ਨ ਨਿਵਾਇ ਕੈ।
ਬਲਿਭਦ੍ਰ ਕੁਪਿਯੋ ਕਮਾਨ ਕਰਿ ਲੈ ਮਾਰਿਯੋ ਤਿਹ ਧਾਇ ਕੈ। ੨੩੮੩।

ਚੌਪਈ

ਸਭ ਰਿਖਿ ਉਠਿ ਠਾਢੇ ਤਬ ਭਏ। ਆਨੰਦ ਬਿਸਰ ਚਿਤ ਕੇ ਗਏ।
ਇਕ ਰਿਖਿ ਥੋ ਤਿਨਿ ਐਸ ਉਚਾਰਿਯੋ। ਬੁਰਾ ਕੀਓ ਹਲਧਰਿ ਦਿਜ ਮਾਰਿਯੋ। ੨੩੮੪।

ਮੈਂ ਆਪਣੇ ਕ੍ਰੋਧ ਦੀ ਅਗਨੀ ਵਿਚ ਤੇਰੇ ਸਾਰੇ ਬਲ ਨੂੰ ਫੂਸ ਵਾਂਗ ਸਾੜ ਦਿਆਂਗਾ। ਤੇਰੇ ਅੰਗਾਂ ਵਿਚ ਜਿਤਨਾ ਵੀ ਲਹੂ ਹੈ; ਉਸ ਨੂੰ ਪਾਣੀ ਵਾਂਗ ਉਬਾਲ ਦਿਆਂਗਾ। ਕਵੀ ਸ਼ਿਆਮ ਕਹਿੰਦੇ ਹਨ ਕਿ ਜਦੋਂ ਮੈਂ ਆਪਣੀ ਸ਼ੂਰਵੀਰਤਾ ਦਾ ਦੇਗਚਾ ਰਣ-ਭੂਮੀ ਵਿਚ ਚੜ੍ਹਾਵਾਂਗਾ, ਤਦੋਂ ਤੇਰੇ ਸ਼ਰੀਰ ਦੇ ਸਾਰੇ ਮਾਸ ਨੂੰ ਉਸ ਵਿਚ ਪਾ ਕੇ ਚੰਗੀ ਤਰ੍ਹਾਂ ਨਾਲ ਪਕਾਵਾਂਗਾ।੨੩੭੯।

ਇਸ ਤਰ੍ਹਾਂ ਦਾ ਵਿਵਾਦ ਕਰ ਕੇ ਦੋਹਾਂ ਨੇ ਰਣ-ਭੂਮੀ ਵਿਚ ਕ੍ਰੋਧ ਨਾਲ ਭਰ ਕੇ ਯੁੱਧ ਮਚਾਇਆ ਹੈ। ਬਾਣਾਂ ਨਾਲ ਸੂਰਜ (ਢਕ ਗਿਆ ਹੈ) ਅਤੇ ਰਥਾਂ ਦੇ ਪਹੀਆਂ ਨਾਲ ਉਠੀ ਧੂੜ ਆਕਾਸ਼ ਵਿਚ ਛਾ ਗਈ ਹੈ। ਇਸ ਕੌਤਕ ਨੂੰ ਵੇਖਣ ਲਈ ਸੂਰਜ ਅਤੇ ਚੰਦ੍ਰਮਾ ਆਏ ਹੋਏ ਹਨ ਅਤੇ ਉਨ੍ਹਾਂ ਨੇ ਮੰਗਲਮਈ ਗੀਤ ਗਾਏ ਹਨ। ਅੰਤ ਵਿਚ ਸ੍ਰੀ ਕ੍ਰਿਸ਼ਨ ਤੋਂ ਉਹ ਜਿਤ ਨ ਸਕਿਆ ਅਤੇ ਫਿਰ ਯਮਲੋਕ ਨੂੰ ਚਲਾ ਗਿਆ।੨੩੮੦।

ਕਵੀ ਸ਼ਿਆਮ ਕਹਿੰਦੇ ਹਨ, ਸ੍ਰੀ ਕ੍ਰਿਸ਼ਨ ਨੇ ਬਹੁਤ ਤਕੜਾ ਯੁੱਧ ਕਰ ਕੇ ਵੈਰੀ ਨੂੰ ਮਾਰ ਦਿੱਤਾ। ਉਸ ਵੇਲੇ ਬਯਦੂਰਥ (ਵਿਦੂਰਥ) ਦਾ ਸ਼ਰੀਰ ਕੁਰੂਪ ਹੋ ਕੇ ਯੁੱਧ-ਪੂਮੀ ਵਿਚ ਡਿਗ ਪਿਆ। (ਜਦੋਂ) ਸ੍ਰੀ ਕ੍ਰਿਸ਼ਨ ਨੇ ਲਹੂ ਨਾਲ ਲਿਬੜਿਆ ਹੋਇਆ ਸ਼ਰੀਰ ਵੇਖਿਆ ਤਾਂ (ਉਨ੍ਹਾਂ ਦੇ) ਮਨ ਵਿਚ ਦਇਆ (ਦੀ ਭਾਵਨਾ) ਪੈਦਾ ਹੋ ਗਈ। (ਫਿਰ) ਧਨੁਸ਼ ਬਾਣ ਛਡ ਕੇ ਉੱਚੀ ਆਵਾਜ਼ ਵਿਚ ਕਿਹਾ ਕਿ ਅਜ ਦੇ ਦਿਨ ਤੋਂ ਬਾਦ ਕਦੇ ਯੁੱਧ ਨਹੀਂ ਕਰਾਂਗਾ।੨੩੮੧।

ਇਥੇ ਸ੍ਰੀ ਦਸਮ ਸਕੰਧ ਪੁਰਾਣ ਬਚਿਤ੍ਰ ਨਾਟਕ ਦੇ ਕ੍ਰਿਸ਼ਨਾਵਤਾਰ ਦੇ ਬਯਦੂਰਥ ਦੈਂਤ ਦੇ ਬਧ ਦੇ ਪ੍ਰਸੰਗ ਦੀ ਸਮਾਪਤੀ।

ਬਲਿਭਦ੍ਰ ਜੀ ਦੇ ਤੀਰਥ ਜਾਣ ਦੇ ਪ੍ਰਸੰਗ ਦਾ ਕਥਨ

ਚੌਪਈ

ਬਲਰਾਮ ਤੀਰਥ (ਯਾਤ੍ਰਾ) ਕਰਨ ਲਈ ਚਲ ਪਿਆ ਅਤੇ ਨੇਮਖ੍ਵਾਰਨ (ਨੈਮਿਸ਼ਾਰਣਯ ਤੀਰਥ) ਵਿਚ ਆ ਗਿਆ। ਉਥੇ ਆ ਕੇ ਉਸ ਨੇ ਇਸ਼ਨਾਨ ਕੀਤਾ ਅਤੇ ਚਿਤ ਦੇ ਸਾਰੇ ਗਮ ਦੂਰ ਕਰ ਦਿੱਤੇ।੨੩੮੨।

ਤੋਮਰ

(ਰਿਸ਼ੀ) ਰੋਮਹਰਖ (ਰੋਮਹਰਸ਼) ਉਥੇ ਨਹੀਂ ਸੀ। (ਬਲਰਾਮ ਦਾ ਆਇਆ ਸੁਣ ਕੇ) ਉਥੇ ਭਜ ਕੇ ਆ ਗਿਆ। ਕਵੀ ਸ਼ਿਆਮ (ਕਹਿੰਦੇ ਹਨ), ਉਸ ਸਥਾਨ ਉਤੇ ਬਲਰਾਮ ਸ਼ਰਾਬ ਪੀ ਰਿਹਾ ਸੀ। ਉਹ ਮੂਰਖ ਉਥੇ ਆ ਕੇ ਖੜੋ ਗਿਆ ਅਤੇ ਉਸ (ਬਲਰਾਮ) ਨੂੰ ਸਿਰ ਨ ਨਿਵਾਇਆ। ਬਲਰਾਮ ਨੇ ਕ੍ਰੋਧਿਤ ਹੋ ਕੇ ਅਤੇ ਕਮਾਨ ਨੂੰ ਹੱਥ ਵਿਚ ਲੈ ਕੇ ਉਸ ਨੂੰ ਤੁਰਤ ਮਾਰ ਦਿੱਤਾ।੨੩੮੩।

ਚੌਪਈ

ਤਦ ਸਾਰੇ ਰਿਸ਼ੀ ਉਠ ਕੇ ਖੜੋ ਗਏ। ਸਾਰਿਆਂ ਦੇ ਚਿਤ ਦਾ ਆਨੰਦ ਖ਼ਤਮ ਹੋ ਗਿਆ। ਇਕ ਰਿਸ਼ੀ ਸੀ, ਉਸ ਨੇ ਇਸ ਤਰ੍ਹਾਂ ਕਿਹਾ--ਬਲਰਾਮ ਨੇ ਬੁਰਾ ਕੀਤਾ (ਜੋ) ਬ੍ਰਾਹਮਣ ਨੂੰ ਮਾਰ ਦਿੱਤਾ।੨੩੮੪।

ਤਬ ਹਲਧਰ ਪੁਨਿ ਐਸ ਉਚਰਿਯੋ। ਬੈਠ ਰਹਿਓ ਕਿਉ ਨ ਹਮ ਤੇ ਡਰਿਯੋ।
ਤਬ ਮੈ ਕ੍ਰੋਧ ਚਿਤ ਮੈ ਕੀਯੋ। ਮਾਰਿ ਕਮਾਨ ਸੰਗ ਇਹ ਦੀਯੋ। ੨੩੮੫।

ਸਵੈਯਾ

ਛਤ੍ਰੀ ਕੋ ਪੂਤ ਥੋ ਕੋਪ ਭਰੇ ਤਿਹ ਨਾਸ ਕਯੋ ਬਿਨਤੀ ਸੁਨਿ ਲੀਜੈ।
ਠਾਢ ਭਏ ਉਠ ਕੈ ਰਿਖਿ ਸੋ ਜੜ ਬੈਠਿ ਰਹਿਓ ਕਹਿਓ ਸਾਚ ਪਤੀਜੈ।
ਬਾਤ ਵਹੈ ਕਰੀਐ ਸੰਗ ਛਤ੍ਰਨ ਜਾ ਕੇ ਕੀਏ ਜਗ ਭੀਤਰ ਜੀਜੈ।
ਤਾਹੀ ਤੇ ਮੈ ਬਧੁ ਤਾ ਕੋ ਕੀਯੋ ਸੁ ਅਬੈ ਮੋਰੀ ਭੂਲ ਛਿਮਾਪਨ ਕੀਜੈ। ੨੩੮੬।

ਰਿਖ ਬਾਚ ਹਲੀ ਸੋ

ਚੌਪਈ

ਮਿਲਿ ਸਭ ਰਿਖਿਨ ਹਲੀ ਸੋ ਭਾਖੀ। ਕਹੈ ਸ੍ਯਾਮ ਤਿਹ ਦਿਜ ਕੀ ਸਾਖੀ।
ਇਹ ਬਾਲਕ ਥਾਪਿ [1]ਰੋਹ ਹਰੋ। ਬਹੁਰੋ ਜਾਇ ਤੀਰਥ ਸਭ ਕਰੋ। ੨੩੮੭।

ਕਬਿਯੋ ਬਾਚ

ਸਵੈਯਾ

ਚਾਰੋ ਈ ਬੇਦ ਮੁਖਾਗ੍ਰਜ ਹੋਇ ਹੈ ਤਾ ਸੁਤ ਕੋ ਬਰੁ ਐਸੋ ਦੀਯੋ।
ਸੋਊ ਐਸੇ ਪੁਰਾਨ ਲਗਿਯੋ ਰਟਨੇ ਮਨੋ ਤਾਤ ਸੋਊ ਤਿਹ ਫੇਰਿ ਜੀਯੋ।
ਚਿਤ ਆਨੰਦ ਕੈ ਸਭ ਹੂ ਰਿਖਿ ਕੇ ਮਨ ਕਉ ਜਿਹ ਕੀ ਸਮ ਕਉਨ ਬੀਯੋ।
ਸਿਰ ਨ੍ਯਾਇ ਤਿਨੈ ਸੁਖ ਪਾਇ ਕੇ ਤੀਰਥਨ ਸ੍ਯਾਮ ਸੁ ਰਾਮਹਿ ਪੈਡ ਲੀਯੋ। ੨੩੮੮।

ਗੰਗਹਿ ਸਿੰਧੁ ਜਹਾ ਮਿਲਿਯੋ ਪ੍ਰਿਥਮੈ ਬਲਿ ਭਦ੍ਰ ਤਹਾ ਚਲਿ ਨ੍ਹਾਯੋ।
ਫੇਰਿ ਤ੍ਰਿਬੈਨੀ ਮੈ ਕੈ ਇਸਨਾਨ ਦੈ ਦਾਨੁ ਬਲੀ ਹਰਿਦੁਆਰ ਸਿਧਾਯੋ।
ਨ੍ਹਾਇ ਤਹਾ ਪੁਨਿ ਬਦ੍ਰੀ ਕਿਦਾਰ ਗਯੋ ਅਤਿ ਹੀ ਮਨ ਮੈ ਸੁਖ ਪਾਯੋ।
ਅਉਰ ਗਨੋ ਕਹ ਲਉ ਜਗ ਕੇ ਸਭ ਤੀਰਥ ਕੈ ਤਿਹ ਠਉਰਹਿ ਆਯੋ। ੨੩੮੯।

ਚੌਪਈ

ਫੇਰਿ ਨੈਮਖ੍ਯਾਰਨ ਮਹਿ ਆਯੋ। ਆਇ ਰਿਖਿਨ ਕਉ ਮਾਥ ਨਿਵਾਯੋ।
ਤੀਰਥ ਕਹਿਯੋ ਮੈ ਸਭ ਹੀ ਕਰੇ। ਬਿਧਿ ਪੂਰਬ ਜਿਉ ਤੁਮ ਉਚਰੇ। ੨੩੯੦।

ਹਲੀ ਬਾਚ ਰਿਖਿਨ ਸੋ

ਚੌਪਈ

ਅਬ ਆਇਸ ਜੋ ਹੋਇ ਸੁ ਕਰੋ। ਹੇ ਰਿਖਿ ਤੁਮਰੇ ਪਾਇਨ ਪਰੋ।
ਅਬ ਆਇਸ ਜੋ ਹੋਇ ਸੁ ਕੀਜੈ। ਹੇ ਰਿਖਿ ਬਾਤਹਿ ਸਤਿ ਪਤੀਜੈ। ੨੩੯੧।

੧. 'ਰੋਸ ਕੋ ਹਰੋ'

ਤਦ ਫਿਰ ਬਲਰਾਮ ਨੇ ਇਸ ਤਰ੍ਹਾਂ ਕਿਹਾ--(ਉਹ) ਬੈਠਾ ਰਿਹਾ, ਮੇਰੇ ਕੋਲੋਂ ਕਿਉਂ ਨ ਡਰਿਆ। ਤਦ ਮੈਂ ਮਨ ਵਿਚ ਕ੍ਰੋਧ ਕੀਤਾ ਅਤੇ ਉਸ ਨੂੰ ਕਮਾਨ ਨਾਲ ਮਾਰ ਦਿੱਤਾ।੨੩੮੫।

ਸਵੈਯਾ

ਮੈਂ ਛਤ੍ਰੀ ਦਾ ਪੁੱਤਰ ਸਾਂ, ਕ੍ਰੋਧ ਨਾਲ ਭਰ ਕੇ ਉਸ ਨੂੰ ਨਸ਼ਟ ਕੀਤਾ ਹੈ; ਮੇਰੀ ਬੇਨਤੀ ਸੁਣ ਲਵੋ। ਸਾਰੇ ਰਿਸ਼ੀ (ਮੇਰੇ ਆਏ ਤੇ ਖੜੇ ਗਏ, ਪਰ) ਉਹ ਮੂਰਖ ਬੈਠਾ ਰਿਹਾ। (ਮੈਂ) ਸਚ ਕਿਹਾ ਹੈ, ਤਸਲੀ ਕਰ ਲਵੋ। ਛਤ੍ਰੀਆਂ ਨਾਲ ਓਹੀ ਗੱਲ ਕਰਨੀ ਬਣਦੀ ਹੈ ਜਿਸ ਦੇ ਕੀਤਿਆਂ ਜਗਤ ਵਿਚ ਜੀਉਣਾ ਮਿਲੇ। ਇਸੇ ਲਈ ਮੈਂ ਉਸ ਦਾ ਬਧ ਕੀਤਾ ਹੈ। ਹੁਣ ਮੇਰੀ ਭੁਲ ਨੂੰ ਮਾਫ਼ ਕਰ ਦਿਓ।੨੩੮੬।

ਰਿਸ਼ੀ ਨੇ ਬਲਰਾਮ ਨੂੰ ਕਿਹਾ--

ਚੌਪਈ

ਸਭ ਰਿਸ਼ੀਆਂ ਨੇ ਮਿਲ ਕੇ ਬਲਰਾਮ ਨੂੰ ਕਿਹਾ। (ਕਵੀ) ਸ਼ਿਆਮ ਉਸ ਬ੍ਰਾਹਮਣ ਦੀ ਸਾਖੀ ਕਹਿੰਦੇ ਹਨ। ਇਸ ਦੇ ਬਾਲਕ ਨੂੰ (ਪਿਉ ਦੇ ਸਥਾਨ ਉਤੇ) ਸਥਾਪਿਤ ਕਰ ਕੇ ਕ੍ਰੋਧ ਨੂੰ ਤਿਆਗ ਦਿਓ। ਫਿਰ ਜਾ ਕੇ ਸਾਰੇ ਤੀਰਥਾਂ (ਦੀ ਯਾਤ੍ਰਾ) ਕਰੋ।੨੩੮੭।

ਕਵੀ ਨੇ ਕਿਹਾ--

ਸਵੈਯਾ

'ਚਾਰੇ ਹੀ ਵੇਦ ਇਸ ਨੂੰ ਮੂੰਹ ਜ਼ਬਾਨੀ ਯਾਦ ਹੋਣਗੇ'-- ਉਸ ਦੇ ਪੁੱਤਰ ਨੂੰ ਇਸ ਤਰ੍ਹਾਂ ਦਾ ਵਰ ਦਿੱਤਾ। ਉਹ ਇਸ ਤਰ੍ਹਾਂ ਪੁਰਾਣ ਪੜ੍ਹਨ ਲਗ ਗਿਆ, ਮਾਨੋ ਉਸ ਦਾ ਪਿਤਾ ਫਿਰ ਜੀ ਪਿਆ ਹੋਵੇ। ਸਾਰਿਆਂ ਰਿਸ਼ੀਆਂ ਦੇ ਮਨ ਨੂੰ ਆਨੰਦਿਤ ਕੀਤਾ ਜਿਸ ਦੇ ਸਮਾਨ ਕੋਈ ਹੋਰ (ਆਨੰਦਿਤ) ਨਹੀਂ ਹੈ। ਉਨ੍ਹਾਂ ਨੂੰ ਸਿਰ ਨਿਵਾ ਕੇ ਅਤੇ ਸੁਖ ਪ੍ਰਾਪਤ ਕਰ ਕੇ, (ਕਵੀ) ਸ਼ਿਆਮ (ਕਹਿੰਦੇ ਹਨ), ਬਲਰਾਮ (ਤੀਰਥਾਂ ਦੇ) ਪੈਂਡੇ ਪੈ ਗਿਆ।੨੩੮੮।

ਗੰਗਾ ਜਿਥੇ ਸਮੁੰਦਰ ਵਿਚ ਜਾ ਕੇ ਮਿਲਦੀ ਹੈ, ਪਹਿਲਾਂ ਬਲਰਾਮ ਨੇ ਉਥੇ ਚਲ ਕੇ ਇਸ਼ਨਾਨ ਕੀਤਾ। ਫਿਰ ਤ੍ਰਿਵੇਣੀ ਵਿਚ ਇਸ਼ਨਾਨ ਕਰ ਕੇ ਅਤੇ ਦਾਨ ਦੇ ਕੇ, ਬਲਰਾਮ ਹਰਿਦੁਆਰ ਚਲਾ ਗਿਆ। ਉਥੇ ਇਸ਼ਨਾਨ ਕਰ ਕੇ ਫਿਰ ਬਦ੍ਰੀ-ਕੇਦਾਰ ਗਿਆ ਅਤੇ ਮਨ ਵਿਚ ਬਹੁਤ ਸੁਖ ਪ੍ਰਾਪਤ ਕੀਤਾ। ਹੋਰ ਜਗਤ ਦੇ ਸਾਰਿਆਂ ਤੀਰਥਾਂ ਨੂੰ ਕੀ ਗਿਣੀਏ, (ਸਭ ਦਾ ਇਸ਼ਨਾਨ ਕਰ ਕੇ) ਉਸ ਥਾਂ ਉਤੇ ਆ ਗਿਆ।੨੩੮੯।

ਚੌਪਈ

(ਉਹ) ਫਿਰ ਨੇਮਖ੍ਯਾਰਨ (ਨੇਮਿਸ਼ਾਰਣ੍ਯ) ਵਿਚ ਆ ਗਿਆ, ਆ ਕੇ ਰਿਸ਼ੀਆਂ ਨੂੰ ਸਿਰ ਨਿਵਾਇਆ। (ਉਸ ਨੇ) ਕਿਹਾ--ਮੈਂ ਸਾਰਿਆ ਤੀਰਥਾਂ ਦੀ ਵਿਧੀ ਪੂਰਵਕ (ਯਾਤ੍ਰਾ) ਕੀਤੀ ਹੈ, ਜਿਵੇਂ ਤੁਸੀਂ ਕਿਹਾ ਸੀ।੨੩੯੦।

ਬਲਰਾਮ ਨੇ ਕਿਹਾ--

ਚੌਪਈ

ਹੁਣ ਜੋ ਆਗਿਆ ਹੋਏ, ਓਹੀ ਕਰਾਂ। ਹੇ ਰਿਸ਼ੀਓ! ਤੁਹਾਡੇ ਪੈਰੀਂ ਪੈਂਦਾ ਹਾਂ। ਹੁਣ ਜੋ ਆਗਿਆ ਹੋਏਗੀ, ਓਹੀ ਕਰਾਂਗਾ। ਹੇ ਰਿਸ਼ੀਓ! ਮੇਰੀ ਗੱਲ ਸੱਚੀ ਹੈ, ਤਸਲੀ ਕਰ ਲਵੋ।੨੩੯੧।

ਰਿਖਿ ਬਾਚ

ਚੌਪਈ

ਤਬ ਮਿਲਿ ਰਿਖਿਨ ਇਹੈ ਜੀਅ ਧਾਰੋ। ਏਕ ਸਤ੍ਰੁ ਹੈ ਬਡੋ ਹਮਾਰੋ।
ਬਲਲ ਨਾਮ ਹਲਧਰ ਤਿਹ ਮਾਰੋ। ਮਾਨੋ ਤਿਹ ਪੈ ਕਾਲ ਪਚਾਰੋ। ੨੩੯੨।

ਹਲੀ ਬਾਚ

ਦੋਹਰਾ

ਕਹਾ ਠਉਰ ਤਿਹ ਸਤ੍ਰੁ ਕੀ ਕਹੋ ਰਿਖਿਨ ਕੇ ਰਾਜ।
ਮੋਹਿ ਬਤਾਵੈ ਜਾਹਿ ਕਉ ਤਾਹਿ ਹਨੋ ਅਉ ਆਜੁ। ੨੩੯੩।

ਚੌਪਈ

ਤਬ ਇਕ ਰਿਖ ਨੈ ਜਾਇ ਬਤਾਯੋ। ਤਹਾ ਠਉਰ ਹੋ ਸਤ੍ਰੁ ਬਨਾਯੋ।
ਜਬ ਹਲਧਰਿ ਸੋ ਸਤ੍ਰੁ ਨਿਹਾਰਿਯੋ। ਹਮ ਸੰਗਿ ਲਰੁ ਇਹ ਭਾਤਿ ਪਚਾਰਿਯੋ। ੨੩੯੪।

ਸੁਨਤ ਬਚਨ ਤਬ ਸਤ੍ਰੁ ਰਿਸਾਯੋ। ਹਾਥ ਗਾਗਨੋ ਯਾ ਪਰਿ ਆਯੋ।
ਹਲਧਰਿ ਸੰਗਿ ਜੁਧ ਤਿਹ ਕੀਓ। ਜਿਹ ਸਮ ਠਉਰ ਬੀਰ ਨਹੀ ਬੀਓ। ੨੩੯੫।

ਬਹੁਤ ਜੁਧ ਤਿਹ ਠਾ ਦੁਹੂ ਧਾਰੋ। ਦੁਹੂੰ ਸੂਰ ਤੇ ਏਕ ਨ ਹਾਰੋ।
ਜਉ ਥਕਿ ਜਾਹਿ ਬੈਠ ਤਹ ਰਹੈ। ਮੁਛਿਤ ਹੋਹਿ ਜੁਧੁ ਫਿਰ ਚਹੈ। ੨੩੯੬।

ਫਿਰਿ ਦੋਊ ਗਾਜਿ ਗਾਜਿ ਰਨ ਪਾਰੈ। ਆਪਸ ਬੀਚ ਗਦਾ ਬਹੁ ਮਾਰੈ।
ਠਾਢ ਰਹੈ ਥਿਰੁ ਪੈਗ ਨ ਟਰੈ। ਮਾਨਹੁ ਰਿਸਿ ਪਰਬਤ ਦੋਊ ਲਰੈ। ੨੩੯੭।

ਦੋਊ ਭਟ ਅਭ੍ਰਨ ਜਿਉ ਗਾਜੈ। ਬਚਨ ਸੁਨਤ ਜਿਨ ਕੇ ਜਮ ਲਾਜੈ।
ਅਤਿ ਹੀ ਬੀਰ ਰਿਸਹਿ ਮੈ ਭਰੈ। ਦੋਊ ਬੀਰ ਕ੍ਰੋਧ ਸੋ ਲਰੈ। ੨੩੯੮।

ਜਿਨ ਕਉਤੁਕ ਦੇਖਨ ਸੁਰ ਆਏ। ਭਾਤਿਨ ਭਾਤਿ ਬਿਵਾਨ ਬਨਾਏ।
ਉਤ ਰੰਭਾਦਿਕ ਨਿਰਤਹਿ ਕਰੈ। ਇਤ ਤੇ ਬੀਰ ਭੂਮਿ ਮੈ ਲਰੈ। ੨੩੯੯।

ਬਹੁਤ ਗਦਾ ਤਨ ਲਗੇ ਨ ਜਾਨੈ। ਮੁਖ ਤੇ ਮਾਰਹਿ ਮਾਰ ਬਖਾਨੈ।
ਰਨ ਕੀ ਛਿਤ ਤੇ ਪੈਗੁ ਨ ਟਰੈ। ਰੀਝਿ ਰੀਝਿ ਦੋਊ ਭਟ ਲਰੈ। ੨੪੦੦।

ਰਿਸ਼ੀਆਂ ਨੇ ਕਿਹਾ--

ਚੌਪਈ

ਤਦ ਰਿਸ਼ੀਆਂ ਨੇ ਮਿਲ ਕੇ ਮਨ ਵਿਚ ਇਹ ਧਾਰਿਆ (ਅਤੇ ਬਲਰਾਮ ਨੂੰ ਕਿਹਾ) ਸਾਡਾ ਇਕ ਵੱਡਾ ਵੈਰੀ ਹੈ। (ਉਸ ਦਾ) ਨਾਂ 'ਬਲਲ' ਹੈ। ਹੇ ਬਲਰਾਮ! ਉਸ ਨੂੰ ਮਾਰ ਦਿਓ। (ਇੰਜ ਪ੍ਰਤੀਤ ਹੁੰਦਾ ਹੈ) (ਰਿਸ਼ੀਆਂ ਨੇ) ਉਸ ਉਤੇ ਕਾਲ ਨੂੰ ਪ੍ਰੇਰ ਦਿੱਤਾ ਹੈ।੨੩੯੨।

ਬਲਰਾਮ ਨੇ ਕਿਹਾ--

ਦੋਹਰਾ

ਹੇ ਰਿਸ਼ੀ ਰਾਜ! ਉਸ ਵੈਰੀ ਦਾ ਸਥਾਨ ਕਿਥੇ ਹੈ? ਮੈਨੂੰ ਦਸ ਦਿਓ, ਉਥੇ ਜਾ ਕੇ ਉਸ ਨੂੰ ਮੈਂ ਅਜ ਮਾਰ ਦਿਆਂਗਾ।੨੩੯੩।

ਚੌਪਈ

ਤਦ ਇਕ ਰਿਸ਼ੀ ਨੇ ਜਗ੍ਹਾ ਦਸੀ, ਜਿਥੇ ਵੈਰੀ ਨੇ (ਰਹਿਣ ਦੀ) ਥਾਂ ਬਣਾਈ ਹੋਈ ਸੀ। ਜਦ ਬਲਰਾਮ ਨੇ ਉਸ ਵੈਰੀ ਨੂੰ ਵੇਖਿਆ, ਤਦ ਉਸ ਨੂੰ ਵੰਗਾਰਿਆ ਕਿ ਮੇਰੇ ਨਾਲ ਆ ਕੇ ਲੜ।੨੩੯੪।

ਤਦ ਬਚਨ ਸੁਣ ਕੇ ਵੈਰੀ ਕ੍ਰੋਧਵਾਨ ਹੋਇਆ ਅਤੇ ਹੱਥ ਨਾਲ ਗਾਨਾ (ਬੰਨ੍ਹ ਕੇ) ਉਸ (ਬਲਰਾਮ) ਉਤੇ ਚੜ੍ਹ ਆਇਆ। ਉਸ ਨੇ ਬਲਰਾਮ ਨਾਲ ਯੁੱਧ ਕੀਤਾ, ਜਿਸ ਵਰਗਾ ਹੋਰ ਕੋਈ ਸ਼ੂਰਵੀਰ ਨਹੀਂ ਸੀ।੨੩੯੫।

ਦੋਹਾਂ ਨੇ ਉਸ ਥਾਂ ਤੇ ਬਹੁਤ ਯੁੱਧ ਕੀਤਾ (ਪਰ) ਦੋਹਾਂ ਸੂਰਮਿਆਂ ਵਿਚੋਂ ਇਕ ਵੀ ਨ ਹਾਰਿਆ। ਜਦੋਂ ਥਕ ਜਾਂਦੇ (ਤਾਂ) ਉਥੇ ਬੈਠ ਜਾਂਦੇ ਅਤੇ ਸਾਵਧਾਨ ਹੋ ਕੇ ਫਿਰ ਯੁੱਧ ਕਰਨ ਲਗ ਜਾਂਦੇ ਹਨ।੨੩੯੬।

ਫਿਰ ਦੋਵੇਂ ਗਜ ਵਜ ਕੇ ਯੁੱਧ ਕਰਦੇ ਹਨ। ਆਪਸ ਵਿਚ ਬਹੁਤ ਗਦਾ ਮਾਰਦੇ ਹਨ। (ਅਡੋਲ) ਖੜੋਤੇ ਰਹਿੰਦੇ ਹਨ, ਪਿਛੇ ਪੈਰ ਨਹੀਂ ਧਰਦੇ। (ਇੰਜ ਪ੍ਰਤੀਤ ਹੁੰਦਾ ਹੈ) ਮਾਨੋ ਕ੍ਰੋਧ ਪੂਰਵਕ ਦੋ ਪਰਬਤ ਲੜਦੇ ਹੋਣ।੨੩੯੭।

ਦੋਵੇਂ ਸੂਰਮੇ ਬਦਲਾਂ ਦੇ ਸਮਾਨ ਗਜਦੇ ਹਨ, ਜਿਨ੍ਹਾਂ ਦੇ ਬਚਨ ਸੁਣ ਕੇ ਯਮਰਾਜ ਵੀ ਲਜਾ ਜਾਂਦਾ ਹੈ। (ਦੋਵੇਂ) ਸ਼ੂਰਵੀਰ ਗੁੱਸੇ ਨਾਲ ਬਹੁਤ ਭਰੇ ਹੋਏ ਹਨ ਅਤੇ ਦੋਵੇਂ ਵੀਰ ਕ੍ਰੋਧਵਾਨ ਹੋ ਕੇ ਲੜ ਰਹੇ ਹਨ।੨੩੯੮।

ਜਿਨ੍ਹਾਂ ਦਾ ਕੌਤਕ ਵੇਖਣ ਲਈ ਦੇਵਤੇ ਆਏ ਹਨ, ਉਨ੍ਹਾਂ (ਦੇਵਤਿਆਂ) ਨੇ ਭਾਂਤ ਭਾਂਤ ਦੇ ਵਿਮਾਨ ਬਣਾਏ ਹੋਏ ਹਨ। ਉਧਰ ਰੰਭਾ ਆਦਿ (ਅਪੱਛਰਾਵਾਂ) ਨਾਚ ਕਰਦੀਆਂ ਹਨ ਅਤੇ ਇਧਰ ਯੋਧੇ ਧਰਤੀ ਉਤੇ ਲੜ ਰਹੇ ਹਨ।੨੩੯੯।

ਬਹੁਤ ਸਾਰੇ ਗਦਾ ਦੇ (ਪ੍ਰਹਾਰ) ਸ਼ਰੀਰ ਉਤੇ ਲਗਦੇ ਹਨ (ਪਰ ਉਹ) ਪ੍ਰਵਾਹ ਨਹੀਂ ਕਰਦੇ, ਮੂੰਹ ਤੋਂ ਮਾਰੋ-ਮਾਰੋ ਪੁਕਾਰਦੇ ਹਨ। ਰਣ-ਭੂਮੀ ਤੋਂ ਇਕ ਕਦਮ ਵੀ ਨਹੀਂ ਟਲਦੇ ਹਨ ਅਤੇ ਰੀਝ ਰੀਝ ਕੇ ਦੋਵੇਂ ਯੋਧੇ ਲੜ ਰਹੇ ਹਨ।੨੪੦੦।

ਸਵੈਯਾ

ਜੁਧੁ ਭਯੋ ਬਹੁਤੋ ਤਿਹ ਠਾ ਤਬ ਮੂਸਲ ਕਉ ਮੁਸਲੀ ਜੁ ਸੰਭਾਰਿਯੋ।
ਕੈ ਬਲ ਹਾਥਨ ਦੋਊਨ ਕੇ ਕਬਿ ਸ੍ਯਾਮ ਕਹੈ ਤਕਿ ਘਾਹਿ ਪ੍ਰਹਾਰਯੋ।
ਲਾਗਤ ਘਾ ਇਹ ਕੈ[1] ਮਰਿ ਗਯੋ ਅਰਿ ਅੰਤਕ ਕੇ ਫੁਨਿ ਧਾਮਿ ਸਿਧਾਰਿਯੋ।
ਯੌ ਬਲਿਭਦ੍ਰ ਹਨਿਯੋ ਤਿਹ ਕੋ ਸਭ ਬਿਪਨ ਕੋ ਫੁਨਿ ਕਾਜ ਸਵਾਰਿਯੋ। ੨੪੦੧।

ਪਉਰਖ ਜੋ ਮੁਸਲੀਧਰਿ ਕੋ ਕਹਿਓ ਨ੍ਰਿਪ ਕਉ ਸੁਕਦੇਵ ਸੁਨਾਯੋ।
ਜਾਹਿ ਕਥਾ ਦਿਜ ਕੇ ਮੁਖ ਤੇ ਸਭ ਸ੍ਰਊਨ ਸੁਨੀ ਤਿਨ ਹੂ ਸੁਖ ਪਾਯੋ।
ਜਾ ਕੇ ਕੀਏ ਸਸਿ ਸੂਰ ਨਿਸਾ ਦਿਵ ਤਾਹੀ ਕੀ ਬਾਤ ਸੁਨੋ ਜੀਅ ਆਯੋ।
ਤਾਹੀ ਕੀ ਬਾਤ ਸੁਨਾਉ ਦਿਜੋਤਮ ਬੇਦਨ ਕੈ ਜੋਊ ਭੇਦ ਨ ਪਾਯੋ। ੨੪੦੨।

ਜਾਹਿ ਖੜਾਨਨ ਸੇ ਸਹਸਾਨਨ ਖੋਜਿ ਰਹੇ ਕਛੁ ਪਾਰ ਨ ਪਾਯੋ।
ਸ੍ਯਾਮ ਭਨੈ ਜਿਹ ਕਉ ਚਤੁਰਾਨਨ ਬੇਦਨ ਕੇ ਗੁਨ ਭੀਤਰ ਗਾਯੋ।
ਖੋਜ ਰਹੇ ਸਿਵ ਸੇ ਜਿਹ ਅੰਤ ਅਨੰਤ ਕਹਿਓ ਥਕਿ ਅੰਤ ਨ ਪਾਯੋ।
ਤਾਹੀ ਕੀ ਬਾਤ ਸੁਨੋ ਤੁਮਰੇ ਮੁਖ ਤੇ ਸੁਕਦੇਵ ਇਹੈ ਠਹਰਾਯੋ। ੨੪੦੩।

ਭੂਪਤਿ ਜਉ ਇਹ ਭਾਤਿ ਕਹਿਯੋ ਸੁਕ ਕਉ ਸੁਕ ਹੂ ਇਹ ਭਾਤਿ ਸੁਨਾਈ।
ਦੀਨ ਦਿਆਲ ਕੀ ਬਾਤ ਸੁਨਾਵ ਹੌ[2] ਤੁਹਿ ਕਉ ਤੁਹਿ ਭੇਦੁ ਛਪਾਈ।
ਬਿਪ੍ਰ ਸੁਦਾਮਾ ਹੁਤੋ ਬਿਪਤਾ ਤਿਹ ਕੀ ਹਉ ਕਹੋ ਹਰਿ ਜੈਸੇ ਮਿਟਾਈ।
ਸੋ ਹਉ ਸੁਨਾਵਤ ਹਉ ਤੁਹਿ ਕਉ ਸੁਨ ਲੈ ਸੋਊ ਸ੍ਰਊਨਨ ਦੇ ਨ੍ਰਿਪ ਰਾਈ। ੨੪੦੪।

ਇਤਿ ਸ੍ਰੀ ਦਸਮ ਸਿਕੰਧ ਪੁਰਾਣੇ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ ਬਲਿਭਦ੍ਰ ਤੀਰਥ ਇਸਨਾਨ ਕਰਿ ਦੈਤ ਬਲਲ ਕੋ ਮਾਰਤ ਭਏ ਗ੍ਰਿਹ ਕੋ ਆਵਤ ਭਏ ਧਿਆਇ ਸਮਾਪਤੰ।

ਸੁਦਾਮਾ ਬਾਰਤਾ ਕਥਨੰ

ਸਵੈਯਾ

ਏਕੁ ਬਧੂ ਜੁਤ ਬ੍ਰਾਹਮਨ ਥੋ ਤਿਹ ਯਾ ਜਗੁ ਬੀਚ ਬਡੋ ਦੁਖੁ ਪਾਯੋ।
ਦੁਖਿਤ ਹ੍ਵੈ ਇਕ ਦਿਵਸ ਕਹਿਯੋ ਤਿਹ ਮਿਤ੍ਰ ਹੈ ਮੋ ਪ੍ਰਭੁ ਜੋ ਜਗ ਗਾਯੋ।
ਤਾ ਕੀ ਤ੍ਰੀਯਾ ਕਹਿਯੋ ਜਾਹੁ ਤਹਾ ਸੁਨਿ ਮਾਨਤ ਭਯੋ ਤਿਹ ਮੂੰਡ ਮੁਡਾਯੋ।
ਤੰਦੁਲ ਲੈ ਦਿਜ ਦਾਰਦੀ ਹਾਥਿ ਸੁ ਦੁਆਰਵਤੀ ਹੂ ਕੀ ਓਰਿ ਸਿਧਾਯੋ। ੨੪੦੫।

੧. 'ਯਹਿ' ੨. 'ਹਉ'

ਸਵੈਯਾ

ਉਸ ਥਾਂ (ਜਦ) ਬਹੁਤ ਯੁੱਧ ਹੁੰਦਾ ਰਿਹਾ, ਤਦ ਬਲਰਾਮ ਜੀ ਨੇ ਮੂਸਲ ਸੰਭਾਲ ਲਿਆ। ਕਵੀ ਸ਼ਿਆਮ ਕਹਿੰਦੇ ਹਨ, ਦੋਹਾਂ ਹੱਥਾਂ ਦੇ ਜ਼ੋਰ ਨਾਲ (ਵੈਰੀ ਉਤੇ) ਝਾੜ ਦਿੱਤਾ। ਇਸ ਦੀ ਸਟ ਲਗਦਿਆਂ ਹੀ ਵੈਰੀ ਮਰ ਗਿਆ ਅਤੇ ਯਮਲੋਕ ਨੂੰ ਚਲਾ ਗਿਆ। ਇਸ ਤਰ੍ਹਾਂ ਬਲਰਾਮ ਨੇ ਉਸ ਨੂੰ ਮਾਰ ਦਿੱਤਾ ਅਤੇ ਬ੍ਰਾਹਮਣਾਂ ਦੇ ਕੰਮ ਸੰਵਾਰ ਦਿੱਤੇ।੨੪੦੧।

ਬਲਰਾਮ ਦੀ ਸ਼ਕਤੀ ਨੂੰ ਰਾਜਾ (ਪਰੀਕਸ਼ਿਤ) ਨੂੰ ਕਹਿ ਕੇ ਸੁਕਦੇਵ ਨੇ ਸੁਣਾਇਆ ਜਿਨ੍ਹਾਂ ਨੇ ਇਸ ਕਥਾ ਨੂੰ ਬ੍ਰਾਹਮਣਾਂ ਦੇ ਮੁਖ ਤੋਂ ਕੰਨਾਂ ਨਾਲ ਸੁਣਿਆ, ਉਨ੍ਹਾਂ ਸਾਰਿਆਂ ਨੇ ਸੁਖ ਪ੍ਰਾਪਤ ਕੀਤਾ। ਚੰਦ੍ਰਮਾ, ਸੂਰਜ, ਰਾਤ ਅਤੇ ਦਿਨ ਜਿਸ ਦੇ ਕੀਤੇ ਅਥਵਾ ਬਣਾਏ ਹੋਏ ਹਨ, ਉਸ ਦੀ ਗੱਲ ਸੁਣੀ ਜਾਏ, (ਉਸ ਦੇ) ਮਨ ਵਿਚ ਆਈ। ਹੇ ਉਤਮ ਬ੍ਰਾਹਮਣ! ਉਸ ਦੀ ਗੱਲ ਸੁਣਾਓ ਜਿਸ ਦੇ ਭੇਦ ਨੂੰ ਵੇਦ ਵੀ ਨ ਪਾ ਸਕੇ।੨੪੦੨।

ਜਿਸ ਨੂੰ ਛੇ ਮੂੰਹਾਂ ਵਾਲੇ (ਕਾਰਤਿਕੇ) ਅਤੇ ਹਜ਼ਾਰ ਮੂੰਹਾਂ ਵਾਲੇ (ਸ਼ੇਸ਼ਨਾਗ) ਵਰਗੇ ਖੋਜ ਰਹੇ ਹਨ, (ਪਰ ਉਸ ਦਾ) ਕੁਝ ਪਾਰ ਨਹੀਂ ਪਾ ਸਕੇ ਹਨ। (ਕਵੀ) ਸ਼ਿਆਮ ਕਹਿੰਦੇ ਹਨ, ਜਿਸ ਦੇ ਗੁਣਾਂ ਨੂੰ ਬ੍ਰਹਮਾ ਨੇ ਵੇਦਾਂ ਅੰਦਰ ਗਾਇਆ ਹੈ। ਜਿਸ ਦੇ ਅੰਤ ਨੂੰ ਸ਼ਿਵ ਵਰਗੇ ਖੋਜ ਰਹੇ ਹਨ, ਉਨ੍ਹਾਂ ਨੇ ਥਕ ਕੇ 'ਅਨੰਤ' ਕਹਿ ਦਿੱਤਾ, ਪਰ ਉਸ ਦਾ ਅੰਤ ਨਹੀਂ ਪਾਇਆ। ਹੇ ਸੁਕਦੇਵ! (ਮੈਂ ਮਨ ਵਿਚ) ਇਹ ਮਿਥਿਆ ਹੈ ਕਿ ਉਸ ਦੀ ਗੱਲ ਤੁਹਾਡੇ ਮੂੰਹ ਤੋਂ ਸੁਣਾ।੨੪੦੩।

ਜਦ ਰਾਜਾ ਪਰੀਕਸ਼ਿਤ ਨੇ ਇਸ ਤਰ੍ਹਾਂ ਸੁਕਦੇਵ ਨੂੰ ਕਿਹਾ, (ਤਦ) ਸੁਕਦੇਵ ਨੇ ਇਸ ਤਰ੍ਹਾਂ (ਵਾਰਤਾ) ਸੁਣਾਈ। ਮੈਂ ਤੈਨੂੰ ਦੀਨ-ਦਿਆਲ ਦੀ ਗੱਲ ਸੁਣਾਉਂਦਾ ਹਾਂ, ਤੂੰ ਇਸ ਭੇਦ ਨੂੰ ਲੁਕਾਈ ਰਖੀਂ। ਇਕ ਸੁਦਾਮਾ ਬ੍ਰਾਹਮਣ ਸੀ। ਉਸ ਦੀ ਬਿਪਤਾ (ਦੀ ਕਥਾ) ਮੈਂ ਸੁਣਾਉਂਦਾ ਹਾਂ, ਜਿਸ ਤਰ੍ਹਾਂ ਸ੍ਰੀ ਕ੍ਰਿਸ਼ਨ ਨੇ ਉਸ (ਦੀ ਬਿਪਤਾ) ਨੂੰ ਮਿਟਾਇਆ। ਉਹ ਮੈਂ ਤੁਹਾਨੂੰ ਸੁਣਾਉਂਦਾ ਹਾਂ--ਹੇ ਮਹਾਰਾਜ! ਕੰਨ ਦੇ ਕੇ ਸੁਣ ਲਵੋ।੨੪੦੪।

ਇਥੇ ਸ੍ਰੀ ਦਸਮ ਸਕੰਧ ਪੁਰਾਣ, ਬਚਿਤ੍ਰ ਨਾਟਕ ਗ੍ਰੰਥ ਦੇ ਕ੍ਰਿਸ਼ਨਾਵਤਾਰ ਦੇ ਬਲਭਦ੍ਰ ਤੀਰਥ ਇਸਨਾਨ ਕਰ ਕੇ ਬਲਲ ਦੈਂਤ ਨੂੰ ਮਾਰ ਕੇ ਘਰ ਨੂੰ ਆਏ, ਅਧਿਆਇ ਦੀ ਸਮਾਪਤੀ।

ਸੁਦਾਮਾ ਦੀ ਵਾਰਤਾ ਦਾ ਕਥਨ

ਸਵੈਯਾ

ਇਕ ਇਸਤਰੀ ਸਹਿਤ ਬ੍ਰਾਹਮਣ ਸੀ, ਉਸ ਨੇ ਇਸ ਜਗਤ ਵਿਚ ਬਹੁਤ ਦੁਖ ਪਾਇਆ ਸੀ। ਇਕ ਦਿਨ ਦੁਖੀ ਹੋ ਕੇ ਉਸ ਨੇ ਕਿਹਾ--ਉਹ (ਕ੍ਰਿਸ਼ਨ) ਮੇਰਾ ਮਿਤਰ ਹੈ ਜਿਸ ਨੂੰ ਜਗਤ 'ਪ੍ਰਭੂ' ਕਹਿੰਦਾ ਹੈ। (ਉੱਤਰ ਵਿਚ) ਉਸ ਦੀ ਇਸਤਰੀ ਨੇ ਕਿਹਾ--ਉਥੇ ਜਾ। ਉਸ ਬ੍ਰਾਹਮਣ ਨੇ (ਉਸ ਦੀ ਗੱਲ) ਸੁਣ ਕੇ ਮੰਨ ਲਈ, ਅਤੇ ਉਸ ਨੇ ਸਿਰ ਮੁਨਵਾ ਲਿਆ। (ਇਸਤਰੀ ਨੇ) ਨਿਰਧਨ ਬ੍ਰਾਹਮਣ ਦੇ ਹੱਥ ਵਿਚ (ਭੇਟਾ ਕਰਨ ਲਈ) ਚਾਵਲ ਦੇ ਦਿੱਤੇ ਅਤੇ ਉਹ ਦੁਆਰਿਕਾ ਵਲ ਚਲ ਪਿਆ।੨੪੦੫।

ਦਿਜੁ ਬਾਚ

ਸਵੈਯਾ

ਹਉ ਅਰੁ ਸ੍ਯਾਮ ਸੰਦੀਪਨ ਕੇ ਗ੍ਰਿਹਿ ਬੀਚ ਪੜੇ ਹਿਤ ਹੈ ਅਤਿ ਹੀ ਕਰਿ।
ਹਉ ਚਿਤ ਮੈ ਧਰਿ ਸ੍ਯਾਮ ਰਹਿਓ ਰਹੈ ਹ੍ਵੈ ਹੈ ਸੁ ਸ੍ਯਾਮਹਿ ਮੋ ਚਿਤ ਮੈ ਧਰਿ।
ਦੈ ਧਨ ਪਾਇ ਘਨੋ ਘਰਿ ਮੈ ਕਛੁ ਦੀਨਨ ਦੇਤ ਨ ਨੈਕੁ ਕ੍ਰਿਪਾ ਕਰਿ।
ਈਸ ਲਹੈ ਕਿਧੋ ਮੋਹਿ ਨਿਹਾਰ ਕੈ ਕੈਸੀ ਕ੍ਰਿਪਾ ਕਰਿ ਹੈ ਹਮ ਪੈ ਹਰਿ। ੨੪੦੬।

ਮਾਰਗ ਨਾਖ ਕੈ ਬਿਪ੍ਰ ਜਬੈ ਗ੍ਰਿਹਿ ਸ੍ਰੀ ਜਦੁਬੀਰ ਕੇ ਭੀਤਰ ਆਯੋ।
ਸ੍ਰੀ ਬ੍ਰਿਜਨਾਥ ਨਿਹਾਰਤ ਤਾਹਿ ਸੁ ਬਿਪ੍ਰ ਸੁਦਾਮਾ ਇਹੈ ਠਹਰਾਯੋ।
ਆਸਨ ਤੇ ਉਠਿ ਆਤੁਰ ਹੁਇ ਅਤਿ ਪ੍ਰੀਤਿ ਬਢਾਇ ਕੈ ਲੈਬੇ ਕਉ ਧਾਯੋ।
ਪਾਇ ਪਰਿਓ ਤਿਹ ਕੋ ਹਰਿ ਜੀ ਫਿਰਿ ਸ੍ਯਾਮ ਭਨੈ ਉਠਿ ਕੰਠਿ ਲਗਾਯੋ। ੨੪੦੭।

ਲੈ ਤਿਹ ਮੰਦਿਰ ਮਾਹਿ ਗਯੋ ਤਿਹ ਕੋ ਅਤਿ ਹੀ ਕਰਿ ਆਦਰੁ ਕੀਨੋ।
ਬਾਰਿ ਮੰਗਾਇ ਤਹੀ ਦਿਜ ਕੋ ਦੋਊ ਪਾਇਨ ਧ੍ਵੈ ਚਰਨਾਮ੍ਰਿਤ ਲੀਨੋ।
ਝੋਪਰੀ ਤੇ ਤਿਹ ਠਾ ਹਰਿ ਜੂ ਸੁਭ ਕੰਚਨ ਕੋ ਪੁਨਿ ਮੰਦਰਿ ਕੀਨੋ।
ਤਉ ਨ ਸਕਿਓ ਸੁ ਬਿਦਾ ਕਰਿ ਬਿਪਹਿ ਸ੍ਯਾਮ ਭਨੈ ਤਿਹ ਰੰਚ ਨ ਦੀਨੋ। ੨੪੦੮।

ਦੋਹਰਾ

ਜਬ ਦਿਜ ਕੇ ਗ੍ਰਿਹਿ ਪੜਤ ਤਬ ਮੋ ਸੋ ਹੁਤੋ ਗਰੋਹ।
ਅਬ ਲਾਲਚ ਬਸਿ ਹਰਿ ਭਏ ਕਛੂ ਨ ਦੀਨੋ ਮੋਹ। ੨੪੦੯।

ਕਬਿਯੋ ਬਾਚ

ਸਵੈਯਾ

ਜੋ ਬ੍ਰਿਜਨਾਥ ਕੀ ਸੇਵਾ ਕਰੈ ਪੁਨਿ ਪਾਵਤ ਹੈ ਬਹੁਤੋ ਧਨ ਸੋਊ।
ਲੋਗ ਕਹਾ ਤਿਹ ਭੇਦਹਿ ਪਾਵਤ ਆਪਨੀ ਜਾਨਤ ਹੈ ਪੁਨਿ ਓਊ।
ਸਾਧਨ ਕੇ ਬਰਤਾ ਹਰਤਾ ਦੁਖ ਬੈਰਨ ਕੇ ਸੁ ਬੜੇ ਘਰ ਖੋਊ।
ਦੀਨਨ ਕੇ ਜਗ ਪਾਲਬੇ ਕਾਜ ਗਰੀਬ ਨਿਵਾਜ ਨ ਦੂਸਰ ਕੋਊ। ੨੪੧੦।

ਸੋ ਸਿਸੁਪਾਲ ਹਨਿਯੋ ਛਿਨ ਮੈ ਜਿਹ ਸੋ ਕੋਊ ਅਉਰ ਨ ਮਾਨ ਧਰੈ।
ਅਰੁ ਦੰਤ ਬਕਤ੍ਰ ਹਨਿਯੋ ਜਮ ਲੋਕ ਤੇ ਜੋ ਕਬਹੂੰ ਨ ਰਤੀ ਕੁ ਡਰੈ।
ਰਿਸ ਸੋ ਭੂਮਾਸੁਰ ਜੀਤਿ ਲਯੋ ਜੋਊ ਇੰਦ੍ਰ ਸੇ ਬੀਰ ਨ ਸੰਗ ਅਰੈ।
ਅਬ ਕੰਚਨ ਧਾਮ ਕੀਯੋ ਦਿਜ ਕੋ ਬ੍ਰਿਜਨਾਥ ਬਿਨਾ ਐਸੀ ਕਉਨ ਕਰੈ। ੨੪੧੧।

ਬ੍ਰਾਹਮਣ ਨੇ ਕਿਹਾ--

ਸਵੈਯਾ

ਮੈਂ ਅਤੇ ਕ੍ਰਿਸ਼ਨ ਸੰਦੀਪਨ ਗੁਰੂ ਦੇ ਘਰ ਪੜ੍ਹਦੇ ਹੋਇਆਂ ਆਪਸ ਵਿਚ ਬਹੁਤ ਹਿਤ ਕਰਦੇ ਸਾਂ। ਮੈਂ ਸ੍ਰੀ ਕ੍ਰਿਸ਼ਨ ਨੂੰ ਚਿਤ ਵਿਚ ਵਸਾਇਆ ਹੋਇਆ ਹੈ, (ਉਧਰ) ਕ੍ਰਿਸ਼ਨ ਵੀ ਮੈਨੂੰ ਚਿਤ ਵਿਚ ਯਾਦ ਕਰਦੇ ਹੋਣਗੇ। (ਉਹ ਮੈਨੂੰ) ਬਹੁਤ ਧਨ ਦੇਣਗੇ ਅਤੇ (ਉਹ ਮੈਂ) ਘਰ ਵਿਚ (ਲਿਆਵਾਂਗਾ)। (ਕੀ ਉਹ) ਥੋੜੀ ਜਿੰਨੀ ਕ੍ਰਿਪਾ ਕਰ ਕੇ, ਗਰੀਬਾਂ ਨੂੰ ਕੁਝ ਵੀ ਨਹੀਂ ਦਿੰਦੇ ਹੋਣਗੇ। ਕ੍ਰਿਸ਼ਨ (ਈਸ਼ਵਰ) ਮੈਨੂੰ ਵੇਖ ਕੇ ਪਛਾਣ ਲੈਣਗੇ ਅਤੇ ਸ੍ਰੀ ਕ੍ਰਿਸ਼ਨ ਮੇਰੇ ਉਤੇ ਕਿਹੋ ਜਿਹੀ ਕ੍ਰਿਪਾ ਕਰਨਗੇ।੨੪੦੬।

ਪੈਂਡਾ ਮਾਰ ਕੇ ਜਦੋਂ ਬ੍ਰਾਹਮਣ ਸ੍ਰੀ ਕ੍ਰਿਸ਼ਨ ਦੇ ਘਰ ਦੇ ਅੰਦਰ ਆਇਆ, ਸ੍ਰੀ ਕ੍ਰਿਸ਼ਨ ਨੇ ਉਸ ਨੂੰ ਵੇਖ ਕੇ, (ਮਨ ਵਿਚ) ਯਕੀਨ ਕਰ ਲਿਆ ਕਿ ਇਹ ਸੁਦਾਮਾ ਬ੍ਰਾਹਮਣ ਹੈ। ਆਸਣ ਤੋਂ ਉਠ ਕੇ ਅਤੇ ਪ੍ਰੀਤ ਨੂੰ ਵਧਾ ਕੇ ਬਿਹਬਲ ਹੋਏ ਉਸ ਨੂੰ ਅਗੋਂ ਲੈਣ ਲਈ ਆਏ। (ਕਵੀ) ਸ਼ਿਆਮ ਕਹਿੰਦੇ ਹਨ, ਸ੍ਰੀ ਕ੍ਰਿਸ਼ਨ ਉਸ ਦੇ ਪੈਰੀਂ ਪਏ, ਫਿਰ ਉਠ ਕੇ ਉਸ ਨੂੰ ਗਲਵਕੜੀ ਵਿਚ ਲਿਆ।੨੪੦੭।

ਉਸ ਨੂੰ ਲੈ ਕੇ ਘਰ ਦੇ ਅੰਦਰ ਗਏ ਅਤੇ ਉਸ ਨੂੰ ਬਹੁਤ ਅਧਿਕ ਆਦਰ ਦਿੱਤਾ। ਜਲ ਮੰਗਵਾ ਕੇ, ਉਸ ਬ੍ਰਾਹਮਣ ਦੇ ਦੋਹਾਂ ਪੈਰਾਂ ਨੂੰ ਧੋ ਕੇ ਚਰਨਾਮ੍ਰਿਤ ਲਿਆ। ਝੌਂਪੜੀ ਦੀ ਥਾਂ ਤੇ ਸ੍ਰੀ ਕ੍ਰਿਸ਼ਨ ਨੇ ਫਿਰ ਸੁਨਹਿਰੀ ਘਰ ਬਣਵਾ ਦਿੱਤੇ। (ਕਵੀ) ਸ਼ਿਆਮ ਕਹਿੰਦੇ ਹਨ, ਉਸ ਬ੍ਰਾਹਮਣ ਨੂੰ (ਕਹਿ) ਨ ਸਕੇ, ਅਤੇ ਵਿਦਾ ਕਰ ਦਿੱਤਾ। (ਪਰ ਪ੍ਰਤੱਖ ਤੌਰ ਤੇ) ਬਿਲਕੁਲ ਕੁਝ ਨ ਦਿੱਤਾ।੨੪੦੮।

ਦੋਹਰਾ

ਜਦੋਂ (ਸੰਦੀਪਨ) ਬ੍ਰਾਹਮਣ ਦੇ ਘਰ ਪੜ੍ਹਦੇ ਸਾਂ, ਤਦ ਮੇਰੇ ਨਾਲ (ਇਸ ਦੀ) ਜੁੰਡਲੀ ਸੀ। ਹੁਣ ਸ੍ਰੀ ਕ੍ਰਿਸ਼ਨ ਲਾਲਚ ਦੇ ਵਸ ਵਿਚ ਹੋ ਗਿਆ ਹੈ, (ਇਸ ਲਈ) ਕੁਝ ਨਹੀਂ ਦਿੱਤਾ।੨੪੦੯

ਕਵੀ ਨੇ ਕਿਹਾ--

ਸਵੈਯਾ

ਜੋ ਸ੍ਰੀ ਕ੍ਰਿਸ਼ਨ ਦੀ ਸੇਵਾ ਕਰਦਾ ਹੈ, ਉਹ ਫਿਰ ਬਹੁਤ ਧਨ ਪ੍ਰਾਪਤ ਕਰਦਾ ਹੈ। ਲੋਕੀਂ ਉਸ ਦੇ ਭੇਦ ਨੂੰ ਕਿਵੇਂ ਪਾ ਸਕਦੇ ਹਨ, ਫਿਰ ਉਹ ਆਪ ਹੀ (ਆਪਣੀ) ਗਤਿ ਨੂੰ ਜਾਣਦਾ ਹੈ। (ਉਹ) ਸਾਧਾਂ ਨੂੰ ਵਰ ਦੇਣ ਵਾਲਾ, ਦੁਖਾਂ ਨੂੰ ਨਸ਼ਟ ਕਰਨ ਵਾਲਾ ਅਤੇ ਵੱਡੇ ਵੱਡੇ ਵੈਰੀਆਂ ਦਾ ਘਰ ਨਸ਼ਟ ਕਰ ਦੇਣ ਵਾਲਾ ਹੈ। ਜਗਤ ਵਿਚ ਗਰੀਬਾਂ ਨੂੰ ਪਾਲਣ ਲਈ (ਉਸ ਵਰਗਾ) ਗਰੀਬ-ਨਿਵਾਜ਼ ਕੋਈ ਹੋਰ ਨਹੀਂ ਹੈ।੨੪੧੦।

ਉਸ ਨੇ ਸ਼ਿਸ਼ੁਪਾਲ ਨੂੰ ਛਿਣ ਭਰ ਵਿਚ ਮਾਰ ਦਿੱਤਾ ਜਿਸ ਵਰਗਾ ਕੋਈ ਅਭਿਮਾਨੀ ਨਹੀਂ ਸੀ। ਅਤੇ ਦੰਤ ਬਕਤ੍ਰ ਨੂੰ ਮਾਰ ਦਿੱਤਾ ਜੋ ਯਮਲੋਕ ਤੋਂ ਕਦੀ ਰਤੀ ਭਰ ਵੀ ਨਹੀਂ ਡਰਦਾ ਸੀ। ਕ੍ਰੋਧਿਤ ਹੋ ਕੇ (ਉਸ ਨੇ) ਭੂਮਾਸੁਰ ਨੂੰ ਜਿਤ ਲਿਆ, ਜਿਸ ਨਾਲ ਇੰਦਰ ਵਰਗਾ ਯੋਧਾ ਵੀ ਨਹੀਂ ਅੜਦਾ ਸੀ। (ਉਸ ਨੇ) ਹੁਣ ਬ੍ਰਾਹਮਣ ਦੇ ਘਰ ਸੋਨੇ ਦੇ ਬਣਾ ਦਿੱਤੇ ਹਨ। ਸ੍ਰੀ ਕ੍ਰਿਸ਼ਨ ਤੋਂ ਬਿਨਾ ਹੋਰ ਕੌਣ ਅਜਿਹੀ ਕ੍ਰਿਪਾ ਕਰ ਸਕਦਾ ਹੈ।੨੪੧੧।

ਜਾ ਮਧੁ ਕੀਟਭ ਕੋ ਬਧ ਕੈ ਭੂ ਇੰਦ੍ਰ ਦਈ ਕਰਿ ਕੈ ਕਰੁਨਾਈ।
ਅਉਰ ਜਿਤੀ ਇਹ ਸਾਮੁਹੇ ਸਤ੍ਰੁਨ ਸੈਨ ਗਈ ਸਭ ਯਾਹਿ ਖਪਾਈ।
ਜਾਹਿ ਬਿਭੀਛਨ ਰਾਜ ਦਯੋ ਅਰੁ ਰਾਵਨ ਮਾਰ ਕੈ ਲੰਕ ਲੁਟਾਈ।
ਕੰਚਨ ਕੋ ਤਿਹ ਧਾਮ ਦਯੋ ਕਬਿ ਸ੍ਯਾਮ ਕਹੈ ਕਹੈ ਕਉਨ ਬਡਾਈ। ੨੪੧੨।

ਬਿਸਨਪਦ ਧਨਾਸਰੀ

ਜਿਹ ਮ੍ਰਿਗ ਰਾਖੈ ਨੈਨ ਬਨਾਇ।
ਅੰਜਨ ਰੇਖ ਸ੍ਯਾਮ ਪਰ ਅਟਕਤ ਸੁੰਦਰ ਫਾਧ ਚੜਾਇ।
ਮ੍ਰਿਗ ਮਨ ਹੇਰਿ ਜਿਨੇ ਨਰ ਨਾਰਿਨ ਰਹਤ ਸਦਾ ਉਰਝਾਇ।
ਤਿਨ ਕੇ ਊਪਰਿ ਅਪਨੀ ਰੁਚਿ ਸਿਉ ਰੀਝਿ ਸ੍ਯਾਮ ਬਲਿ ਜਾਇ। ੨੪੧੩।

ਹਰਿ ਕੇ ਨੈਨਾ ਜਲਜ ਠਏ।
ਦਿਪਤ ਜੋਤਿ ਦਿਨ ਮਨਿ ਦੁਤਿ ਮੁਖ ਤੇ ਕਬਹੂੰ ਨ ਮੁੰਦਿਤ ਭਏ।
ਤਿਨ ਕਉ ਦੇਖਿ ਜਨਨ ਦ੍ਰਿਗ ਪੁਤਰੀ ਲਗੀ ਸੁ ਭਾਵ ਭਏ।
ਜਨੁ ਪਰਾਗ ਕਮਲਨ ਕੀ ਊਪਰ ਭ੍ਰਮਰ ਕੋਟਿ ਭ੍ਰਮਏ। ੨੪੧੪।

ਇਤਿ ਸ੍ਰੀ ਦਸਮ ਸਿਕੰਧ ਪੁਰਾਣੇ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ ਦਿਜ ਸੁਦਾਮਾ ਕੋ ਦਾਰਿਦ ਦੂਰ ਕਰਤ ਕੰਚਨ ਧਾਮ ਕਰ ਦੇਤ ਭਏ।

ਅਥ ਕਾਨ੍ਹ ਜੂ[੧] ਸੂਰਜ ਗ੍ਰਹਿਣ ਕੇ ਦਿਨ ਕੁਰਖੇਤ੍ਰ ਗਵਨਿ ਕਥਨੰ

ਸਵੈਯਾ

ਜਉ ਰਵਿ ਕੇ ਗ੍ਰਸਬੇ ਹੂ ਕੋ ਦਿਵਸ ਲਗਿਓ ਕਹਿ ਜੋਤਿਕੀ ਯੌ ਤੁ ਸੁਨਾਯੋ।
ਕਾਨ੍ਹ ਕੀ ਮਾਤ ਬਿਮਾਤ ਅਰੁ ਭ੍ਰਾਤ ਚਲੈ ਕੁਰੁਖੇਤ੍ਰਿ ਇਹੈ ਠਹਰਾਯੋ।
ਤਾਤ ਚਲਿਯੋ ਬ੍ਰਿਜਨਾਥ ਕੋ ਲੈ ਸੰਗਿ ਭਾਤਿਨ ਭਾਤਿ ਕੋ ਸੈਨ ਬਨਾਯੋ।
ਜੋ ਕੋਊ ਅੰਤੁ ਚਹੈ ਤਿਹ ਕੋ ਤਿਨ ਕੋ ਕਛੁ ਆਵਤ ਅੰਤੁ ਨ ਪਾਯੋ। ੨੪੧੫।

ਇਤ ਤੇ ਬ੍ਰਿਜ ਨਾਇਕ ਆਵਤ ਭੇ ਉਤ ਨੰਦ ਤੇ ਆਦਿ ਸਭੈ ਤਹ ਆਏ।
ਚੰਦ੍ਰਭਗਾ ਬ੍ਰਿਖਭਾਨ ਸੁਤਾ ਸਭ ਗੁਆਰਿਨਿ ਸ੍ਯਾਮ ਜਬੈ ਦਰਸਾਏ।
ਰੂਪ ਨਿਹਾਰਿ ਰਹੀ ਚਕਿ ਕੈ ਜਕਿ ਗੀ ਕਛੁ ਬੈਨ ਕਹਿਓ ਨਹੀ ਜਾਏ।
ਨੰਦ ਜਸੋਮਤ ਮੋਹ ਬਢਾਇ ਕੈ ਕਾਨ੍ਹ ਜੂ ਕੇ ਉਰ ਮੈ ਲਪਟਾਏ। ੨੪੧੬।

੧. ਕਈਆਂ ਬੀੜਾਂ ਵਿਚ ਇਹ ਪਾਠ-ਅੰਸ ਨਹੀਂ ਹੈ

ਜਿਸ ਨੇ ਮਧੁ ਅਤੇ ਕੈਟਭ ਨੂੰ ਮਾਰ ਕੇ ਅਤੇ ਕਰੁਣਾ ਕਰ ਕੇ ਇੰਦਰ ਨੂੰ ਭੂਮੀ ਪ੍ਰਦਾਨ ਕਰ ਦਿੱਤੀ। ਹੋਰ ਜਿਤਨੀ ਵੀ ਵੈਰੀ ਸੈਨਾ ਇਸ ਦੇ ਸਾਹਮਣੇ ਗਈ, (ਉਹ) ਸਾਰੀ ਉਸ ਨੇ ਖਪਾ ਦਿੱਤੀ। ਜਿਸ ਨੇ ਵਿਭੀਸ਼ਣ ਨੂੰ ਰਾਜ ਦਿੱਤਾ ਸੀ ਅਤੇ ਰਾਵਣ ਨੂੰ ਮਾਰ ਕੇ ਲੰਕਾ ਲੁਟਾ ਦਿੱਤੀ ਸੀ। ਕਵੀ ਸ਼ਿਆਮ ਕਹਿੰਦਾ ਹੈ, ਉਸ ਨੇ (ਨਿਰਧਨ ਬ੍ਰਾਹਮਣ ਨੂੰ) ਸੋਨੇ ਦੇ ਘਰ (ਬਣਵਾ) ਦਿੱਤੇ ਹਨ, ਦਸੋ (ਅਜਿਹਾ ਕਰਨ ਵਿਚ) ਉਸ ਦੀ ਕਿਹੜੀ ਵਡਿਆਈ ਹੈ।੨੪੧੨।

ਬਿਸਨਪਦ ਧਨਾਸਰੀ

ਜਿਸ ਨੇ (ਆਪਣੇ) ਨੈਣ ਹਿਰਨ ਵਰਗੇ ਬਣਾ ਰਖੇ ਹਨ। ਸੁਰਮੇ ਦੀ ਲੀਕ (ਧਾਰ) ਸ਼ਿਆਮਲ ਸਰੂਪ ਉਤੇ ਟਿਕੀ ਹੋਈ ਹੈ, (ਮਾਨੋ) ਸੁੰਦਰ ਫਾਹੀ ਬਣੀ ਹੋਈ ਹੈ। ਇਸਤਰੀਆਂ ਅਤੇ ਪੁਰਸ਼ਾਂ ਦੇ ਮਨ ਰੂਪ ਹਿਰਨ ਉਸ ਨੂੰ ਵੇਖਣ ਵਿਚ ਹੀ ਉਲਝੇ ਰਹਿੰਦੇ ਹਨ। ਉਨ੍ਹਾਂ ਉਪਰ ਸ੍ਰੀ ਕ੍ਰਿਸ਼ਨ ਆਪਣੀ ਇੱਛਾ ਨਾਲ ਬਲਿਹਾਰੇ ਜਾਂਦੇ ਹਨ।੨੪੧੩।

ਸ੍ਰੀ ਕ੍ਰਿਸ਼ਨ ਦੇ ਨੈਣਾਂ ਕਮਲ (ਵਰਗੇ) ਬਣੇ ਹੋਏ ਹਨ। (ਉਨ੍ਹਾਂ ਦੇ) ਮੂੰਹ ਦੀ ਚਮਕ ਸੂਰਜ ਦੀ ਜੋਤ ਵਾਂਗ ਪ੍ਰਕਾਸ਼ਿਤ ਹੈ। (ਇਸ ਲਈ ਉਸ ਦੇ ਕਮਲ ਵਰਗੇ ਨੈਣ) ਕਦੇ ਬੰਦ ਨਹੀਂ ਹੁੰਦੇ। ਉਨ੍ਹਾਂ ਨੂੰ ਵੇਖਣ ਲਈ (ਭਗਤ) ਜਨਾਂ ਦੇ ਨੈਣਾਂ ਦੀ ਪੁੱਤਲੀ ਸਦਾ ਲਗੀ ਰਹਿੰਦੀ ਹੈ। (ਇਸ ਦਾ) ਭਾਵ (ਕਵੀ ਦੇ ਮਨ ਵਿਚ ਇਸ ਤਰ੍ਹਾਂ) ਪੈਦਾ ਹੋਇਆ ਹੈ। ਮਾਨੋ ਪਰਾਗ (ਅਰਥਾਤ ਫੁਲਾਂ ਦੀ ਧੂੜ ਨੂੰ ਲੈਣ ਲਈ) ਕਮਲਾਂ ਉਪਰ ਕਰੋੜਾਂ ਭੌਰੇ ਮੋਹੇ ਫਿਰਦੇ ਹਨ।੨੪੧੪।

ਇਥੇ ਸ੍ਰੀ ਦਸਮ ਸਿਕੰਧ ਪੁਰਾਣ, ਬਚਿਤ੍ਰ ਨਾਟਕ ਗ੍ਰੰਥ ਦੇ ਕ੍ਰਿਸ਼ਨਾਵਤਾਰ ਦੇ ਬ੍ਰਾਹਮਣ ਸੁਦਾਮਾ ਦੇ ਦਰਿਦ੍ਰ ਨੂੰ ਦੂਰ ਕਰ ਕੇ ਸੋਨੇ ਦੇ ਘਰ ਬਣਾ ਦਿੱਤੇ ਵਾਲੇ ਪ੍ਰਸੰਗ ਦੀ ਸਮਾਪਤੀ।

ਹੁਣ ਕਾਨ੍ਹ ਜੀ ਦੇ ਸੂਰਜ ਗ੍ਰਹਿਣ ਵਾਲੇ ਦਿਨ ਕੁਰਕਸ਼ੇਤ੍ਰ ਵਿਚ ਆਉਣ ਦੇ ਪ੍ਰਸੰਗ ਦਾ ਕਥਨ

ਸਵੈਯਾ

ਜਦੋਂ ਸੂਰਜ ਨੂੰ ਗ੍ਰਸਣ ਵਾਲਾ ਦਿਨ ਆ ਗਿਆ, ਤਾਂ ਜੋਤਸ਼ੀ ਨੇ ਇਸ ਤਰ੍ਹਾਂ ਕਹਿ ਕੇ ਸੁਣਾਇਆ। ਕ੍ਰਿਸ਼ਨ ਦੀ ਮਾਤਾ, ਵਿਮਾਤਾ ਅਤੇ ਭਰਾ ਨੇ ਕੁਰੁਕਸ਼ੇਤ੍ਰ ਨੂੰ ਚਲਣ ਦਾ ਮਨ ਬਣਾਇਆ। ਭਾਂਤ ਭਾਂਤ ਦੀ ਸੈਨਾ ਤਿਆਰ ਕਰ ਕੇ ਅਤੇ ਕ੍ਰਿਸ਼ਨ ਨੂੰ ਨਾਲ ਲੈ ਕੇ (ਉਨ੍ਹਾਂ ਦੇ) ਪਿਤਾ ਚਲ ਪਏ। ਜੋ ਕੋਈ ਉਸ ਦਾ ਅੰਤ ਪਾਉਣਾ ਚਾਹੁੰਦਾ ਹੈ, (ਤਾਂ) ਉਨ੍ਹਾਂ ਦਾ ਕੁਝ ਵੀ ਅੰਤ ਪਾਉਣ ਵਿਚ ਨਹੀਂ ਆਉਂਦਾ।੨੪੧੫।

ਇਧਰੋਂ ਸ੍ਰੀ ਕ੍ਰਿਸ਼ਨ (ਕੁਰੁਕਸ਼ੇਤ੍ਰ) ਆ ਗਏ ਅਤੇ ਉਧਰੋਂ ਨੰਦ ਆਦਿਕ ਸਾਰੇ ਹੀ ਉਥੇ ਆ ਗਏ। ਚੰਦ੍ਰਭਗਾ, ਬ੍ਰਿਸ਼ਭਾਨ-ਸੁਤਾ (ਰਾਧਾ) ਅਤੇ ਹੋਰ ਸਾਰੀਆਂ ਗੋਪੀਆਂ ਨੇ ਸ੍ਰੀ ਕ੍ਰਿਸ਼ਨ ਦੇ ਦਰਸ਼ਨ ਕੀਤੇ। (ਸਾਰੀਆਂ ਸ੍ਰੀ ਕ੍ਰਿਸ਼ਨ ਦੇ) ਰੂਪ ਨੂੰ ਵੇਖ ਕੇ ਹੈਰਾਨ ਹੋ ਕੇ ਝਕ ਗਈਆਂ। (ਉਨ੍ਹਾਂ ਤੋਂ) ਕੁਝ ਬੋਲਿਆ ਨਹੀਂ ਜਾਂਦਾ। ਨੰਦ ਅਤੇ ਜਸੋਧਾ ਪ੍ਰੇਮ ਵਧਾ ਕੇ ਕ੍ਰਿਸ਼ਨ ਜੀ ਦੀ ਛਾਤੀ ਨਾਲ ਲਗ ਗਏ।੨੪੧੬।

ਨੰਦ ਜਸੋਮਤਿ ਪ੍ਰੇਮ ਬਢਾਇ ਕੈ ਨੈਨਨ ਤੇ ਦੁਹੂ ਨੀਰ ਬਹਾਯੋ।
ਐਸੇ ਕਹਿਓ ਬ੍ਰਿਜ ਕਉ ਤੁਮ ਤਿਆਗਿ ਗਏ ਮਥੁਰਾ ਜੀਅ ਐਸੋ ਹੀ ਭਾਯੋ।
ਕਾ ਭਯੋ ਜੋ ਤੁਮ ਮਾਰਿ ਚੰਡੂਰ ਪ੍ਰਹਾਰਿ ਕੈ ਸੰਗਹਿ ਕੰਸਹਿ ਘਾਯੋ।
ਹਉ ਨਿਰਮੋਹ ਨਿਹਾਰ ਦਸਾ ਹਮਰੀ ਤੁਮਰੇ ਮਨ ਮੋਹ ਨ ਆਯੋ। ੨੪੧੭।

ਜਸੋਧਾ ਬਾਚ ਕਾਨ੍ਹ ਜੂ ਸੋ

ਸਵੈਯਾ

ਪ੍ਰੀਤਿ ਬਢਾਇ ਜਸੋਮਤਿ ਯੌ ਬ੍ਰਿਜ ਭੂਖਨ ਸੋ ਇਕ ਬੈਨ ਉਚਾਰੋ।
ਪਾਲ ਕੀਏ ਜਬ ਪੂਤ ਬਡੇ ਤੁਮ ਦੇਖਿਯੋ ਤਬੈ ਤੁਮ ਹੇਤ ਤੁਹਾਰੋ।
ਤੋ ਕਹ ਦੋਸ ਲਗਾਉ ਹਉ ਕਿਉ ਹਰਿ ਹੈ ਸਭ ਫੁਨਿ ਦੋਸ ਹਮਾਰੋ।
ਊਖਲ ਸੋ ਤੁਹਿ ਬਾਧ ਕੈ ਮਾਰਿਯੋ ਹੈ ਜਾਨਤ ਹੋ ਸੋਊ ਬੈਰ ਚਿਤਾਰੋ। ੨੪੧੮।

ਮਾਇ ਹ੍ਵੈ ਬਾਤ ਕਹੋ ਤੁਮ ਸੌ ਸੁ ਤੋ ਮੋ ਬਤੀਆ ਸੁਨਿ ਸਾਚ ਪਤੀਜੈ।
ਅਉਰਨ ਕੀ ਸਿਖ ਲੈ ਤਬ ਜਿਉ ਤੈਸੋ ਕਾਜ ਕਰੋ ਜਿਨਿ ਯੌ ਸੁਨਿ ਲੀਜੈ।
ਨੈਕ ਬਿਛੋਹ ਭਏ ਤੁਮਰੇ ਮਰੀਐ ਤੁਮਰੇ ਪਲ ਹੇਰਤ ਜੀਜੈ।
ਬਾਲ ਬਲਾਇ ਲਿਉ ਹਉ ਬਹੁਰੋ ਬ੍ਰਿਜ ਕੋ ਬ੍ਰਿਜ ਭੂਖਨ ਭੂਖਿਤ ਕੀਜੈ। ੨੪੧੯।

ਦੋਹਰਾ

ਨੰਦ ਜਸੋਦਹਿ ਕ੍ਰਿਸਨ ਮਿਲਿ ਅਤਿ ਚਿਤ ਮੈ ਸੁਖ ਪਾਇ।
ਸਭੈ ਗੋਪਿਕਾ ਜਹਿ ਹੁਤੀ ਤਹ ਹੀ ਪਹੁਚੇ ਜਾਇ। ੨੪੨੦।

ਸਵੈਯਾ

ਸ੍ਰੀ ਬ੍ਰਿਜਨਾਥਹ ਕੋ ਜਬ ਹੀ ਲਖਿ ਕੈ ਤਿਹ ਗ੍ਵਾਰਨਿ ਆਗਮ ਪਾਯੋ।
ਆਗੇ ਹੀ ਏਕ ਚਲੀ ਉਠ ਕੈ ਨਹਿ ਏਕਨ ਕੇ ਉਰਿ ਆਨੰਦ ਮਾਯੋ।
ਭੇਖ ਮਲੀਨ ਜੇ ਗੁਆਰਿ ਹੁਤੀ ਤਿਨ ਭੇਖ ਨਵੀਨ ਸਜੇ ਕਬਿ ਗਾਯੋ।
ਮਾਨਹੁ ਮ੍ਰਿਤਕ ਜਾਗ ਉਠਿਯੋ ਤਿਨ ਕੇ ਤਨ ਮੈ ਬਹੁਰੋ ਜੀਅ ਆਯੋ। ੨੪੨੧।

ਗ੍ਵਾਰਿਨਿ ਬਾਚ

ਸਵੈਯਾ

ਯੌ ਇਕ ਭਾਖਤ ਹੈ ਮੁਖ ਤੇ ਮਿਲਿ ਗ੍ਵਾਰਿਨਿ ਸ੍ਰੀ ਬ੍ਰਿਜਨਾਥ ਚਿਤੈ ਕੈ।
ਜਿਉ ਅਕ੍ਰੂਰ ਕੇ ਸੰਗ ਗਏ ਚੜਿ ਸ੍ਯੰਦਨ ਨਾਥ ਹੁਲਾਸ ਬਢੈ ਕੈ।
ਦੂਰ ਹੁਲਾਸ ਕੀਯੋ ਬ੍ਰਿਜ ਤੋ ਕਛੁ ਗੁਆਰਿਨ ਕੀ ਕਰੁਨਾ ਨਹਿ ਕੈ ਕੈ।
ਏਕ ਕਹੈ ਇਹ ਭਾਤਿ ਸਖੀ ਮੁਖ ਜੋਵਤ ਏਕ ਰਹੀ ਚੁਪ ਹ੍ਵੈ ਕੈ। ੨੪੨੨।

---

੧. ਕਈਆਂ ਪੁਰਾਤਨ ਲਿਖਤਾਂ ਵਿਚ ਇਹ ਉਕਤੀ ਨਹੀਂ ਹੈ

ਨੰਦ ਅਤੇ ਜਸੋਧਾ ਨੇ ਪ੍ਰੇਮ ਵਧਾ ਕੇ, ਦੋਹਾਂ ਨੇ ਨੈਣਾਂ ਵਿਚੋਂ ਹੰਝੂ ਵਗਾ ਦਿੱਤੇ, (ਫਿਰ) ਇਸ ਤਰ੍ਹਾਂ ਕਿਹਾ ਕਿ ਤੁਸੀਂ ਬ੍ਰਜ-ਭੂਮੀ ਨੂੰ ਛਡ ਕੇ ਮਥੁਰਾ ਚਲੇ ਗਏ, ਇਸ ਤਰ੍ਹਾਂ (ਤੁਹਾਡੇ) ਮਨ ਨੂੰ ਚੰਗਾ ਲਗਾ। ਕੀ ਹੋਇਆ ਜੇ ਤੁਸੀਂ ਚੰਡੂਰ ਨੂੰ ਕੰਸ ਦੇ ਸਮੇਤ ਮਾਰ ਕੇ ਨਸ਼ਟ ਕਰ ਦਿੱਤਾ। ਹੇ ਨਿਰਮੋਹੀ! ਸਾਡੀ ਹਾਲਤ ਵੇਖ ਕੇ ਵੀ ਤੇਰੇ ਮਨ ਵਿਚ ਮੋਹ (ਦੀ ਭਾਵਨਾ) ਪੈਦਾ ਨ ਹੋਈ।੨੪੧੭।

ਜਸੋਧਾ ਨੇ ਕਾਨ੍ਹ ਜੀ ਪ੍ਰਤਿ ਕਿਹਾ--

ਸਵੈਯਾ

ਪ੍ਰੇਮ ਵਧਾ ਕੇ ਜਸੋਧਾ ਨੇ ਕ੍ਰਿਸ਼ਨ ਨੂੰ ਇਸ ਤਰ੍ਹਾਂ ਇਕ ਬਚਨ ਕਿਹਾ--ਹੇ ਪੁੱਤਰ! ਤੁਹਾਨੂੰ ਪਾਲ ਕੇ ਜਦ ਵੱਡਾ ਕੀਤਾ, ਤਦ ਤੁਸੀਂ ਖ਼ੁਦ ਹੀ ਵੇਖ ਲਿਆ ਕਿ ਤੁਹਾਡੇ ਕੋਲ (ਸਾਡੇ ਲਈ ਕਿਤਨਾ) ਪਿਆਰ ਹੈ। ਹੇ ਸ੍ਰੀ ਕ੍ਰਿਸ਼ਨ! ਮੈਂ ਤੈਨੂੰ ਕਿਉਂ ਦੋਸ਼ ਲਗਾਵਾਂ, ਸਾਰਾ ਅਸਲੋਂ ਮੇਰਾ ਹੀ ਦੋਸ਼ ਹੈ। ਮੈਂ ਤੈਨੂੰ ਉਖਲ ਨਾਲ ਬੰਨ੍ਹ ਕੇ ਮਾਰਿਆ ਸੀ। ਮੈਂ ਜਾਣਦੀ ਹਾਂ, (ਤੂੰ) ਓਹੀ ਵੈਰ ਯਾਦ ਕੀਤਾ ਹੋਵੇਗਾ।੨੪੧੮।

(ਸ੍ਰੀ ਕ੍ਰਿਸ਼ਨ ਨੇ ਉੱਤਰ ਦਿੱਤਾ--) ਹੇ ਮਾਤਾ! ਮੈਂ ਤੈਨੂੰ ਗੱਲ ਕਹਾਂ। ਤੂੰ ਮੇਰੀ ਗੱਲ ਸੁਣ ਕੇ ਸਚ ਮੰਨ ਲਈਂ। (ਜਸੋਧਾ ਨੇ ਕਿਹਾ--) ਹੋਰਨਾਂ ਦੀ ਸਿਖਿਆ ਲੈ ਕੇ, ਤਦ (ਤੁਸੀਂ) ਅਜਿਹੇ ਕੰਮ ਕਰੋ ਜਿਨ੍ਹਾਂ ਨੂੰ ਅਸੀਂ ਸੁਣ ਸਕੀਏ। ਤੇਰੇ ਜ਼ਰਾ ਜਿੰਨੇ ਵਿਛੋੜੇ ਨਾਲ (ਅਸੀਂ) ਮਰਦੇ ਹਾਂ ਅਤੇ ਤੁਹਾਨੂੰ ਪਲ ਭਰ ਵੇਖ ਕੇ ਜੀਉਂਦੇ ਹਾਂ। ਹੇ ਬਾਲਕ! ਮੈਂ ਤੇਰੀਆਂ ਬਾਲਵਾਂ ਲੈਂਦੀ ਹਾਂ। ਹੇ ਬ੍ਰਜ-ਭੂਸ਼ਣ! ਤੁਸੀਂ ਫਿਰ ਆ ਕੇ ਬ੍ਰਜ ਨੂੰ (ਆਪਣੀ) ਮੌਜੂਦਗੀ ਨਾਲ ਸੁਸੱਜਿਤ ਕਰ ਦਿਓ।੨੪੧੯।

ਦੋਹਰਾ

ਨੰਦ ਅਤੇ ਜਸੋਧਾ ਨੇ ਕ੍ਰਿਸ਼ਨ ਨੂੰ ਮਿਲ ਕੇ ਚਿਤ ਵਿਚ ਬਹੁਤ ਸੁਖ ਪ੍ਰਾਪਤ ਕੀਤਾ। ਸਾਰੀਆਂ ਗੋਪੀਆਂ ਜਿਥੇ ਟਿਕੀਆਂ ਹੋਈਆਂ ਸਨ, (ਸ੍ਰੀ ਕ੍ਰਿਸ਼ਨ) ਉਥੇ ਜਾ ਪਹੁੰਚੇ।੨੪੨੦।

ਸਵੈਯਾ

ਜਦ ਉਨ੍ਹਾਂ ਗੋਪੀਆਂ ਨੇ ਜਾਣਿਆ ਕਿ ਸ੍ਰੀ ਕ੍ਰਿਸ਼ਨ ਉਥੇ ਡੇਰੇ ਵਿਚ ਆਇਆ ਹੈ। ਕੋਈ ਇਕ ਉਠ ਕੇ ਅਗਵਾਨੀ ਲਈ ਚਲ ਪਈ ਅਤੇ ਇਕਨਾਂ ਦੇ ਹਿਰਦੇ ਵਿਚ ਆਨੰਦ ਸਮਾਉਂਦਾ ਨਹੀਂ ਸੀ। ਕਵੀ ਕਹਿੰਦੇ ਹਨ, ਜਿਹੜੀਆਂ ਗੋਪੀਆਂ ਮੈਲਾ ਵੇਸ ਕਰੀ ਫਿਰਦੀਆਂ ਸਨ, ਉਨ੍ਹਾਂ ਨੇ ਨਵੇਂ ਵੇਸ ਧਾਰਨ ਕਰ ਲਏ। (ਇੰਜ ਪ੍ਰਤੀਤ ਹੁੰਦਾ ਹੈ) ਮਾਨੋ ਮੁਰਦਾ ਜਾਗ ਉਠਿਆ ਹੋਵੇ ਅਤੇ ਉਨ੍ਹਾਂ ਦੇ ਸ਼ਰੀਰ ਵਿਚ ਫਿਰ ਜਾਨ ਆ ਗਈ ਹੋਵੇ।੨੪੨੧।

ਗੋਪੀਆਂ ਨੇ ਕਿਹਾ--

ਸਵੈਯਾ

ਗੋਪੀਆਂ ਨੇ ਮਿਲ ਕੇ ਸ੍ਰੀ ਕ੍ਰਿਸ਼ਨ ਨੂੰ ਵੇਖਿਆ ਅਤੇ ਇਕ ਨੇ ਮੁਖ ਤੋਂ ਇਸ ਤਰ੍ਹਾਂ ਕਿਹਾ--ਹੇ ਨਾਥ! ਜਿਸ ਦਿਨ ਦੇ ਤੁਸੀਂ ਅਕਰੂਰ ਨਾਲ ਰਥ ਉਤੇ ਚੜ੍ਹ ਕੇ ਅਤੇ ਮਨ ਵਿਚ ਉਤਸਾਹ ਨੂੰ ਵਧਾ ਕੇ ਗਏ ਹੋ। (ਉਸ ਦਿਨ ਤੋਂ) ਬ੍ਰਜ-ਭੂਮੀ ਦਾ ਉਤਸਾਹ ਖ਼ਤਮ ਹੋ ਗਿਆ ਹੈ ਅਤੇ ਗੋਪੀਆਂ ਉਤੇ ਕੁਝ ਵੀ ਕਰੁਣਾ ਕਰ ਕੇ (ਸੁਖ ਸਾਂਦ) ਨਹੀਂ ਪੁੱਛੀ। ਇਕ ਸਖੀ ਨੇ ਤਾਂ ਇਸ ਤਰ੍ਹਾਂ ਕਹਿ ਦਿੱਤਾ ਅਤੇ ਇਕ ਮੁਖ ਵਲ ਵੇਖਦੀ ਹੋਈ ਚੁਪ ਕਰ ਰਹੀ।੨੪੨੨।

ਸ੍ਰੀ ਬ੍ਰਿਜਨਾਥ ਗਯੋ ਮਥੁਰਾ ਕਛੁ ਚਿਤ ਬਿਖੈ ਸਖੀ ਹੇਤ ਨ ਧਾਰਿਯੋ।
ਨੈਕ ਨ ਮੋਹ ਕੀਯੋ ਚਿਤ ਮੈ ਨਿਰਮੋਹ ਹੀ ਆਪਨ ਚਿਤ ਬਿਚਾਰਿਯੋ।
ਯੌ ਬ੍ਰਿਜ ਨਾਇਕ ਗ੍ਰਾਰਿ ਤਜੀ ਜਸੁ ਤਾ ਛਬਿ ਕੋ ਕਬਿ ਸ੍ਯਾਮ ਉਚਾਰਿਯੋ।
ਆਪੁਨੀ ਚਉਪਹਿ ਤੇ ਅਪੁਨੀ ਮਾਨੋ ਕੁੰਜਹਿ ਤਿਆਗ ਭੁਜੰਗ ਸਿਧਾਰਿਯੋ। ੨੪੨੩।

ਚੰਦ੍ਰਭਗਾ ਬ੍ਰਿਖਭਾਨੁ ਸੁਤਾ ਬ੍ਰਿਜ ਨਾਇਕ ਕਉ ਇਹ ਭਾਤਿ ਸੁਨਾਈ।
ਸ੍ਰੀ ਬ੍ਰਿਜ ਨਾਥ ਗਏ ਮਥੁਰਾ ਤਜਿ ਕੈ ਬ੍ਰਿਜ ਪ੍ਰੀਤਿ ਸਭੈ ਬਿਸਰਾਈ।
ਰਾਧਿਕਾ ਜਾ ਬਿਧਿ ਮਾਨ ਕੀਯੋ ਹਰਿ ਤੈਸੇ ਹੀ ਮਾਨ ਕੀਯੋ ਜੀਅ ਆਈ।
ਤਾ ਦਿਨ ਕੇ ਬਿਛੁਰੇ ਬਿਛੁਰੇ ਸੁ ਦਈ ਹਮ ਕਉ ਅਬ ਆਨਿ ਦਿਖਾਈ। ੨੪੨੪।

ਏਕ ਮਿਲੀ ਕਹਿ ਯੌ ਬਤੀਯਾ ਜੁ ਹੁਤੀ ਬ੍ਰਿਜ ਭੂਖਨ ਕਉ ਅਤਿ ਪਿਆਰੀ।
ਚੰਦ੍ਰਭਗਾ ਬ੍ਰਿਖਭਾਨੁ ਸੁਤਾ ਜੁ ਧਰੇ ਤਨ ਬੀਚ ਕੁਸੁੰਭਨ ਸਾਰੀ।
ਕੇਲ ਕਥਾ ਦਈ ਛੋਰਿ ਰਹੀ ਚਕਿ ਚਿਤ੍ਰਹ ਕੀ ਪੁਤਰੀ ਸੀ ਸਵਾਰੀ।
ਸ੍ਯਾਮ ਭਨੈ ਬ੍ਰਿਜ ਨਾਥ ਤਬੈ ਸਬ ਗ੍ਵਾਰਿਨ ਗਿਆਨ ਹੀ ਮੈ ਕਰਿ ਡਾਰੀ। ੨੪੨੫।

ਬਿਸਨਪਦ ਧਨਾਸਰੀ

ਸੁਨਿ ਪਾਈ ਬ੍ਰਿਜਬਾਲਾ ਮੋਹਨ ਆਏ ਹੈ ਕੁਰੁਖੇਤਿ।
ਦਰਸਨ ਦੇਖਿ ਸਭੈ ਦੁਖ ਬਿਸਰੇ ਬੇਦ ਕਹਤ ਜਿਹ ਨੇਤਿ।
ਤਨ ਮਨ ਅਟਕਿਓ ਚਰਨ ਕਵਲ ਸੋ ਧਨ ਨਿਵਛਾਵਰਿ ਦੇਤ।
ਕ੍ਰਿਸਨ ਇਕਾਤਿ ਕੀਯੋ ਤਿਹ ਹੀ ਛਿਨ ਕਹਿਯੋ ਗਿਆਨ ਸਿਖਿ ਲੇਹੁ।
ਮਿਲ ਬਿਛੁਰਨ ਦੋਊ ਇਹ ਜਗ ਮੈ ਮਿਥਿਆ ਤਨੁ ਅਸਨੇਹੁ। ੨੪੨੬।

ਸਵੈਯਾ

ਬ੍ਰਿਜ ਨਾਇਕ ਠਾਢਿ ਭਏ ਉਠ ਕੈ ਸਭ ਗੁਆਰਨਿ ਕਉ ਐਸੇ ਗਿਆਨ ਦ੍ਰਿੜਾਏ।
ਨੰਦ ਜਸੋਮਤਿ ਪੰਡੁ ਕੇ ਪੁਤ੍ਰਨ ਸੰਗਿ ਮਿਲੇ ਅਤਿ ਹੇਤੁ ਬਢਾਏ।
ਕੈਰਵ ਆਏ ਹੁਤੇ ਜਿਤਨੇ ਸਭ ਆਪਨੇ ਆਪਨੇ ਧਾਮਿ ਸਿਧਾਏ।
ਸ੍ਯਾਮ ਭਨੈ ਬਹੁਰੋ ਬ੍ਰਿਜਨਾਇਕ ਦੁਆਰਵਤੀ ਹੂ ਕੇ ਭੀਤਰ ਆਏ। ੨੪੨੭।

ਦੋਹਰਾ

ਜਗਿ ਤਹਾ ਕਰ ਕੈ ਚਲਿਯੋ ਸ੍ਯਾਮ ਭਨੈ ਬਸੁਦੇਵ।
ਜਿਹ ਕੋ ਸੁਤ ਚਉਦਹ ਭਵਨ ਸਭ ਦੇਵਨ ਕੋ ਭੇਵ। ੨੪੨੮।

ਹੇ ਸਖੀ! (ਜਦੋਂ ਦੇ) ਸ੍ਰੀ ਕ੍ਰਿਸ਼ਨ ਮਥੁਰਾ ਨੂੰ ਗਏ ਹਨ, (ਉਦੋਂ ਤੋਂ ਆਪਣੇ) ਚਿਤ ਵਿਚ ਕੋਈ ਹਿਤ ਨਹੀਂ ਧਰਿਆ। (ਇਸ ਨੇ) ਚਿਤ ਵਿਚ ਜ਼ਰਾ ਜਿੰਨਾ ਮੋਹ ਨਹੀਂ ਕੀਤਾ। (ਇਸ ਲਈ ਅਸੀਂ ਇਸ ਨੂੰ) ਆਪਣੇ ਚਿਤ ਵਿਚ ਨਿਰਮੋਹੀ ਵਿਚਾਰ ਲਿਆ। ਕਵੀ ਸ਼ਿਆਮ ਨੇ ਉਸ ਦ੍ਰਿਸ਼ ਦੀ ਉਪਮਾ ਇਸ ਤਰ੍ਹਾਂ ਕੀਤੀ ਕਿ ਸ੍ਰੀ ਕ੍ਰਿਸ਼ਨ ਨੇ ਗੋਪੀਆਂ ਨੂੰ ਇਸ ਤਰ੍ਹਾਂ ਛਡ ਦਿੱਤਾ, ਮਾਨੋ ਆਪਣੀ ਇੱਛਾ ਨਾਲ ਆਪਣੀ ਕੁੰਜ ਨੂੰ ਤਿਆਗ ਕੇ ਸੱਪ ਚਲਾ ਗਿਆ ਹੋਵੇ।੨੪੨੩।

ਚੰਦ੍ਰਭਗਾ ਅਤੇ ਰਾਧਾ ਨੇ ਕ੍ਰਿਸ਼ਨ ਨੂੰ ਇਸ ਤਰ੍ਹਾਂ (ਕਹਿ ਕੇ) ਸੁਣਾਇਆ। ਸ੍ਰੀ ਕ੍ਰਿਸ਼ਨ (ਸਾਨੂੰ) ਛਡ ਕੇ ਮਥੁਰਾ ਚਲੇ ਗਏ ਅਤੇ ਬ੍ਰਜ ਦੀ ਸਾਰੀ ਪ੍ਰੀਤ ਭੁਲਾ ਦਿੱਤੀ। ਜਿਸ ਤਰ੍ਹਾਂ ਰਾਧਾ ਨੇ 'ਮਾਣ' ਕੀਤਾ ਸੀ, ਉਸੇ ਤਰ੍ਹਾਂ ਕ੍ਰਿਸ਼ਨ ਨੇ 'ਮਾਣ' ਕੀਤਾ ਹੈ, (ਇਹੀ ਗੱਲ) ਮਨ ਵਿਚ ਆਈ ਹੈ। ਉਸ ਦਿਨ ਦੇ ਵਿਛੜੇ ਹੋਏ ਵਿਛੜੇ ਹੀ ਰਹੇ ਹੋ, ਹੁਣ ਸਾਨੂੰ ਆ ਕੇ ਦਿਖਾਈ ਦਿੱਤੀ ਹੈ।੨੪੨੪।

ਇਕ ਗੋਪੀ ਇਸ ਤਰ੍ਹਾਂ ਗੱਲ ਕਹਿ ਕੇ ਮਿਲੀ ਜੋ ਸ੍ਰੀ ਕ੍ਰਿਸ਼ਨ ਨੂੰ ਬਹੁਤ ਪਿਆਰੀ ਸੀ। ਚੰਦ੍ਰਭਗਾ ਅਤੇ ਰਾਧਾ ਜਿਨ੍ਹਾਂ ਨੇ ਸ਼ਰੀਰ ਉਤੇ ਕੁਸੁੰਭੇ ਰੰਗ ਦੀਆਂ ਸਾੜ੍ਹੀਆਂ ਪਾਈਆਂ ਹੋਈਆਂ ਸਨ; (ਉਨ੍ਹਾਂ ਨੇ) ਕ੍ਰੀੜਾ ਦੀ ਵਾਰਤਾ ਤਾਂ ਛਡ ਦਿੱਤੀ ਹੈ, (ਬਸ ਕ੍ਰਿਸ਼ਨ ਨੂੰ ਵੇਖ ਕੇ) ਭੌਰ ਭੌਰ ਹੋ ਰਹੀਆਂ ਹਨ ਅਤੇ ਚਿਤਰ ਦੀਆਂ ਪੁਤਲੀਆਂ ਵਾਂਗ ਲਗਦੀਆਂ ਹਨ। (ਕਵੀ) ਸ਼ਿਆਮ ਕਹਿੰਦੇ ਹਨ, ਸ੍ਰੀ ਕ੍ਰਿਸ਼ਨ ਨੇ ਉਸ ਵੇਲੇ ਸਾਰੀਆਂ ਗੋਪੀਆਂ ਨੂੰ ਗਿਆਨਮਈ ਕਰ ਦਿੱਤਾ।੨੪੨੫।

ਬਿਸਨਪਦ ਧਨਾਸਰੀ

ਬ੍ਰਜ ਦੀਆਂ ਬਾਲੜੀਆਂ (ਮੁਟਿਆਰਾਂ) ਨੇ (ਇਹ ਗੱਲ) ਸੁਣ ਲਈ ਕਿ ਸ੍ਰੀ ਕ੍ਰਿਸ਼ਨ ਕੁਰੁਕਸ਼ੇਤ੍ਰ ਆਏ ਹਨ। ਜਿਸ ਨੂੰ ਵੇਦ ਨੇ 'ਨੇਤਿ ਨੇਤਿ' ਕਿਹਾ ਹੈ, ਉਸ ਦੇ ਦਰਸ਼ਨ ਕਰ ਕੇ ਸਾਰੇ ਦੁਖ ਭੁਲ ਗਈਆਂ ਹਨ। ਉਸ ਦੇ ਚਰਨਾਂ ਕਮਲਾਂ ਨਾਲ ਤਨ ਅਤੇ ਮਨ ਅਟਕ ਗਿਆ ਹੈ ਅਤੇ ਉਸ ਉਤੋਂ ਧਨ ਨਿਛਾਵਰ ਕਰ ਦਿੱਤਾ ਹੈ। (ਉਨ੍ਹਾਂ ਨੂੰ) ਕ੍ਰਿਸ਼ਨ ਨੇ ਇਕਲਿਆਂ ਕਰ ਕੇ, ਉਸੇ ਵੇਲੇ ਕਿਹਾ ਕਿ ਗਿਆਨ ਸਿਖ ਲਵੋ। ਮਿਲਣਾ ਅਤੇ ਵਿਛੜਨਾ ਦੋਵੇਂ ਇਸ ਜਗਤ (ਦਾ ਚਲਨ ਹਨ) ਅਤੇ ਸ਼ਰੀਰ ਦਾ ਪ੍ਰੇਮ ਮਿਥਿਆ ਹੈ।੨੪੨੬।

ਸਵੈਯਾ

ਸਾਰੀਆਂ ਗੋਪੀਆਂ ਨੂੰ ਇਸ ਤਰ੍ਹਾਂ ਦਾ ਉਪਦੇਸ਼ ਦੇ ਕੇ ਸ੍ਰੀ ਕ੍ਰਿਸ਼ਨ ਉਠ ਕੇ ਖੜੋ ਗਏ। ਨੰਦ, ਜਸੋਧਾ, ਪੰਡੁ ਦੇ ਪੁੱਤਰਾਂ (ਅਰਥਾਤ ਪੰਜ ਪਾਂਡਵਾਂ) ਨਾਲ ਮਿਲ ਕੇ ਬਹੁਤ ਸਨੇਹ ਪ੍ਰਗਟਾਇਆ। ਜਿਤਨੇ ਵੀ ਕੌਰਵ ਉਥੇ ਆਏ ਹੋਏ ਸਨ, ਸਾਰੇ ਆਪਣੇ ਆਪਣੇ ਘਰਾਂ ਨੂੰ ਚਲੇ ਗਏ। (ਕਵੀ) ਸ਼ਿਆਮ ਕਹਿੰਦੇ ਹਨ, ਫਿਰ ਸ੍ਰੀ ਕ੍ਰਿਸ਼ਨ ਦੁਆਰਿਕਾ ਵਿਚ ਆ ਗਏ।੨੪੨੭।

ਦੋਹਰਾ

(ਕਵੀ) ਸ਼ਿਆਮ ਕਹਿੰਦੇ ਹਨ, ਬਸਦੇਵ ਉਥੇ ਯੱਗ ਕਰ ਕੇ (ਵਾਪਸ) ਚਲਿਆ ਹੈ ਜਿਸ ਦਾ ਪੁੱਤਰ ਚੌਦਾਂ ਲੋਕਾਂ ਦੇ ਸਾਰਿਆਂ ਦੇਵਤਿਆਂ ਦਾ ਦੇਵਤਾ ਹੈ।੨੪੨੮।

ਚੌਪਈ

ਚਲਿਯੋ ਸ੍ਯਾਮ ਜੁ ਪ੍ਰੇਮ ਬਢਾਈ। ਪੂਜਿਯੋ ਚਰਨ ਪਿਤਾ ਕੇ ਜਾਈ।
ਤਾਤ ਜਬੈ ਲਖਿ ਆਵਤ ਪਾਏ। ਤ੍ਰਿਭਵਨ ਕੇ ਕਰਤਾ ਠਹਰਾਏ। ੨੪੨੯।

ਬਹੁ ਬਿਧਿ ਹਰਿ ਕੀ ਉਸਤਤਿ ਕਰੀ। ਮੂਰਤਿ ਹਰਿ ਕੀ ਚਿਤ ਮੈ ਧਰੀ।
ਆਪਨੋ ਪ੍ਰਭੁ ਲਖਿ ਪੂਜਾ ਕੀਨੀ। ਸ੍ਰੀ ਜਦੁਬੀਰ ਜਾਨ ਸਭ ਲੀਨੀ। ੨੪੩੦।

ਇਤਿ ਸ੍ਰੀ ਦਸਮ ਸਿਕੰਧ ਪੁਰਾਣੇ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ ਕੁਰਖੇਤ੍ਰ ਬਿਖੈ ਜਗਿ ਕਰਕੈ ਗੁਆਰਿਨ ਕਉ ਗਿਆਨ ਦ੍ਰਿੜਾਇ ਦੁਆਰਵਤੀ ਜਾਤ ਭਏ ਧਿਆਇ ਸਮਾਪਤੰ।

ਅਥ ਦੇਵਕੀ ਕੇ ਛਠਹੀ ਪੁਤ੍ਰ ਬਲਿ ਲੋਕ ਤੇ ਲਿਆਇ ਦੇਨਿ ਕਥਨੰ

ਸਵੈਯਾ

ਸ੍ਰੀ ਬ੍ਰਿਜਨਾਇਕ ਪੈ ਤਬ ਹੀ ਕਬਿ ਸ੍ਯਾਮ ਕਹੈ ਚਲਿ ਦੇਵਕੀ ਆਈ।
ਚਉਦਹ ਲੋਕਨ ਕੇ ਕਰਤਾ ਤੁਮ ਸਤਿ ਇਹੈ ਮਨ ਮੈ ਠਹਰਾਈ।
ਹੋ ਮਧੁ ਕੀਟਭ ਕੇ ਕਰਤਾ ਬਧ ਐਸੇ ਕਰੀ ਹਰਿ ਜਾਨਿ ਬਡਾਈ।
ਪੁਤ੍ਰ ਜਿਤੇ ਹਮਰੈ ਹਨੇ ਕੰਸ ਸੋਊ ਹਮ ਕਉ ਤੁਮ ਦੇਹੁ ਮੰਗਾਈ। ੨੪੩੧।

ਆਨਿ ਦੀਏ ਬਲਿ ਲੋਕ ਤੇ ਬਾਲਕ ਮਾਇ ਕੇ ਬੈਨ ਜਬੈ ਸੁਨਿ ਪਾਏ।
ਦੇਵਕੀ ਬਾਲਕ ਜਾਨਿ ਤਿਨੈ ਕਬਿ ਸ੍ਯਾਮ ਕਹੈ ਉਠਿ ਕੰਠਿ ਲਗਾਏ।
ਜਨਮਨ ਕੀ ਸੁਧਿ ਭੀ ਤਿਨ ਕੇ ਹਮ ਬਾਮਨ ਹੈ ਇਹ ਬੈਨ ਸੁਨਾਏ।
ਮਾਤ ਪਿਤਾ ਹੂ ਕੇ ਦੇਖਤ ਹੀ ਤੇਊ ਬ੍ਰਹਮ ਕੇ ਲੋਕ ਕੀ ਓਰਿ ਸਿਧਾਏ। ੨੪੩੨।

ਅਥ ਸੁਭਦ੍ਰਾ ਕੋ ਬ੍ਯਾਹ ਕਥਨੰ

ਚੌਪਈ

ਤੀਰਥ ਕਰਨ ਪਾਰਥ ਤਬ ਧਾਯੋ। ਦੁਆਰਵਤੀ ਜਦੁਪਤਿ ਦਰਸਾਯੋ।
ਅਉਰ ਸੁਭਦ੍ਰਾ ਰੂਪ ਨਿਹਾਰਿਯੋ। ਚਿਤ ਕੋ ਸੋਕ ਦੂਰਿ ਕਰਿ ਡਾਰਿਯੋ। ੨੪੩੩।

ਯਾ ਕੋ ਬਰੋ ਇਹੈ ਚਿਤ ਆਯੋ। ਉਹ ਕੋ ਉਤੈ ਚਿਤ ਲਲਚਾਯੋ।
ਜਦੁਪਤਿ ਬਾਤ ਸਭੈ ਇਹ ਜਾਨੀ। ਬਰਿਓ ਚਹਤ ਅਰਜੁਨ ਅਭਿਮਾਨੀ। ੨੪੩੪।

ਦੋਹਰਾ

ਪਾਰਥ ਨਿਕਟਿ ਬੁਲਾਇ ਕੈ ਕਹੀ ਕ੍ਰਿਸਨ ਸਮਝਾਇ।
ਤੁਮ ਸੁ ਸੁਭਦ੍ਰਾ ਕੋ ਹਰੋ ਹਉ ਨਹਿ ਲਰਿ ਹੋ ਆਇ। ੨੪੩੫।

ਚੌਪਈ

ਪ੍ਰੇਮ ਨੂੰ ਵਧਾ ਕੇ ਸ੍ਰੀ ਕ੍ਰਿਸ਼ਨ ਚਲ ਪਏ। ਜਾ ਕੇ ਪਿਤਾ ਦੇ ਚਰਨਾਂ ਦੀ ਪੂਜਾ ਕੀਤੀ। ਪਿਤਾ ਨੇ ਜਦੋਂ (ਉਨ੍ਹਾਂ ਨੂੰ) ਆਉਂਦਿਆਂ ਵੇਖਿਆ, (ਤਾਂ ਉਨ੍ਹਾਂ ਨੂੰ) ਤ੍ਰਿਭਵਨ ਦਾ ਕਰਤਾ ਮੰਨ ਲਿਆ।੨੪੨੯।

ਬਹੁਤ ਤਰ੍ਹਾਂ ਨਾਲ ਕ੍ਰਿਸ਼ਨ ਦੀ ਉਸਤਤ ਕੀਤੀ। ਸ੍ਰੀ ਕ੍ਰਿਸ਼ਨ ਦਾ ਸਰੂਪ ਚਿਤ ਵਿਚ ਟਿਕਾ ਲਿਆ। ਆਪਣਾ ਪ੍ਰਭੂ ਜਾਣ ਕੇ ਪੂਜਾ ਕੀਤੀ। ਸ੍ਰੀ ਕ੍ਰਿਸ਼ਨ ਨੇ (ਉਸ) ਸਾਰੀ (ਅਵਸਥਾ ਨੂੰ) ਜਾਣ ਲਿਆ। ੨੪੩੦।

ਇਥੇ ਦਸਮ ਸਕੰਧ ਪੁਰਾਣ, ਬਚਿਤ੍ਰ ਨਾਟਕ ਗ੍ਰੰਥ ਦੇ ਕ੍ਰਿਸਨਾਵਤਾਰ ਦੇ ਕੁਲਖੇਤ੍ਰ ਵਿਚ ਯੱਗ ਕਰ ਕੇ ਗੋਪੀਆਂ ਨੂੰ ਗਿਆਨ ਦ੍ਰਿੜ੍ਹਾਇਆ ਅਤੇ ਦੁਆਰਿਕਾ ਨੂੰ ਚਲੇ ਗਏ, ਅਧਿਆਇ ਦੀ ਸਮਾਪਤੀ।

ਹੁਣ ਦੇਵਕੀ ਦੇ ਛੇਆਂ ਪੁੱਤਰਾਂ ਨੂੰ ਬਲਿ ਲੋਕ ਤੋਂ ਲਿਆ ਦੇਣ ਦਾ ਕਥਨ

ਸਵੈਯਾ

ਕਵੀ ਸ਼ਿਆਮ ਕਹਿੰਦੇ ਹਨ, ਤਦੋਂ ਸ੍ਰੀ ਕ੍ਰਿਸ਼ਨ ਕੋਲ ਦੇਵਕੀ ਚਲ ਕੇ ਆਈ। (ਕਹਿਣ ਲਗੀ) ਮੈਂ ਮਨ ਵਿਚ ਯਕੀਨ ਕਰ ਲਿਆ ਹੈ ਕਿ ਤੁਸੀਂ ਚੌਦਾਂ ਲੋਕਾਂ ਦੇ ਕਰਤਾ ਹੋ। (ਤੁਸੀਂ ਹੀ) ਮਧੁ ਅਤੇ ਕੈਟਭ ਦਾ ਬਧ ਕਰਨ ਵਾਲੇ ਹੋ--(ਕ੍ਰਿਸ਼ਨ ਨੂੰ) ਪ੍ਰਭੂ ਜਾਣ ਕੇ ਇਸ ਤਰ੍ਹਾਂ ਵਡਿਆਈ ਕੀਤੀ। (ਅਤੇ ਕਿਹਾ--) ਜਿਤਨੇ ਮੇਰੇ ਪੁੱਤਰ ਕੰਸ ਨੇ ਮਾਰੇ ਹਨ, ਉਹ ਤੁਸੀਂ ਮੈਨੂੰ ਮੰਗਵਾ ਦਿਓ।੨੪੩੧।

ਜਦੋਂ ਮਾਤਾ ਦੇ ਬੋਲ ਸੁਣੇ ਤਾਂ ਬਲਿ-ਲੋਕ (ਪਾਤਾਲ) ਤੋਂ ਬਾਲਕ ਲਿਆ ਦਿੱਤੇ। ਕਵੀ ਸ਼ਿਆਮ ਕਹਿੰਦੇ ਹਨ, ਦੇਵਕੀ ਨੇ ਉਨ੍ਹਾਂ ਨੂੰ ਪੁੱਤਰ ਜਾਣ ਕੇ ਗਲ ਨਾਲ ਲਾ ਲਿਆ। (ਕ੍ਰਿਸ਼ਨ ਦੀ ਕ੍ਰਿਪਾ ਕਰ ਕੇ) ਉਨ੍ਹਾਂ ਨੂੰ (ਪਿਛਲੇ) ਜਨਮਾਂ ਦੀ ਯਾਦ ਆ ਗਈ ਅਤੇ ਉਨ੍ਹਾਂ ਨੇ ਬਚਨ ਸੁਣਾਏ ਕਿ ਅਸੀਂ ਬ੍ਰਾਹਮਣ ਹਾਂ। ਮਾਤਾ ਪਿਤਾ ਦੇ ਦੇਖਦਿਆਂ ਹੀ ਉਹ ਬ੍ਰਹਮਾ ਦੇ ਲੋਕ ਨੂੰ ਚਲੇ ਗਏ।੨੪੩੨।

ਹੁਣ ਸੁਭਦ੍ਰਾ ਦੇ ਵਿਆਹ ਦਾ ਕਥਨ

ਚੌਪਈ

ਤਦ ਅਰਜਨ ਤੀਰਥ (ਯਾਤ੍ਰਾ) ਕਰਨ ਲਈ ਚਲ ਪਿਆ। ਦੁਆਰਿਕਾ ਵਿਚ ਸ੍ਰੀ ਕ੍ਰਿਸ਼ਨ ਦਾ ਦਰਸ਼ਨ ਕੀਤਾ ਅਤੇ ਸੁਭਦ੍ਰਾ ਦਾ ਰੂਪ ਵੇਖਿਆ। (ਉਸ ਉਤੇ ਮੋਹਿਤ ਹੋ ਕੇ) ਚਿਤ ਦਾ ਗਮ ਦੂਰ ਕਰ ਦਿੱਤਾ।੨੪੩੩।

'ਇਸ ਨਾਲ ਵਿਆਹ ਕਰ ਲਵਾਂ'--ਇਹ (ਵਿਚਾਰ ਉਸ ਦੇ) ਚਿਤ ਵਿਚ ਆ ਗਿਆ। ਉਧਰ ਉਸ (ਸੁਭਦ੍ਰਾ) ਦਾ ਚਿਤ ਵੀ (ਅਰਜਨ ਲਈ) ਲਲਚਾਇਆ। ਸ੍ਰੀ ਕ੍ਰਿਸ਼ਨ ਨੇ ਇਹ ਸਾਰੀ ਗੱਲ ਜਾਣ ਲਈ (ਕਿ) ਅਭਿਮਾਨੀ ਅਰਜਨ (ਸੁਭਦ੍ਰਾ) ਨੂੰ ਵਿਆਹੁਣਾ ਚਾਹੁੰਦਾ ਹੈ।੨੪੩੪।

ਦੋਹਰਾ

ਸ੍ਰੀ ਕ੍ਰਿਸ਼ਨ ਨੇ ਅਰਜਨ ਨੂੰ ਕੋਲ ਬੁਲਾ ਕੇ ਸਾਰੀ ਗੱਲ ਸਮਝਾ ਦਿੱਤੀ (ਕਿ) ਤੂੰ ਸੁਭਦ੍ਰਾ ਦਾ ਹਰਨ ਕਰ ਲੈ, ਮੈਂ ਤੇਰੇ ਨਾਲ ਲੜਨ ਨਹੀਂ ਆਵਾਂਗਾ।੨੪੩੫।

ਚੌਪਈ

ਤਬ ਅਰਜੁਨ ਸੋਈ ਫੁਨਿ ਕਰਿਓ। ਪੂਜਨ ਜਾਤ ਸੁਭਦ੍ਰਾ ਹਰਿਓ।
ਜਾਦਵ ਸਭੈ ਕੋਪ ਤਬ ਭਰੇ। ਸ੍ਰੀ ਜਦੁਪਤਿ ਪੈ ਆਇ ਪੁਕਰੇ। ੨੪੩੬।

ਸਵੈਯਾ

ਸ੍ਰੀ ਬ੍ਰਿਜਰਾਜ ਤਬੈ ਤਿਨ ਸੋ ਕਬਿ ਸ੍ਯਾਮ ਕਹੈ ਇਹ ਭਾਤਿ ਸੁਨਾਈ।
ਬੀਰ ਬਡੇ ਤੁਮ ਹੂ ਹੋ ਕਹਾਵਤ ਜਾਇ ਮੰਡੋ ਤਿਹ ਸੰਗਿ ਲਰਾਈ।
ਪਾਰਥ ਸੋ ਰਨ ਮਾਡਨ ਕਾਜ ਚਲੇ ਤੁਮਰੀ ਮ੍ਰਿਤ ਹੀ ਨਿਜਕਾਈ।
ਕਿਉ ਨ ਚਲੋ ਤੁਮ ਮੈ ਤਬ ਤੈ ਤਜਿਓ ਆਹਵ ਸ੍ਯਾਮ ਇਹੈ ਠਹਿਰਾਈ। ੨੪੩੭।

ਚੌਪਈ

ਤਬ ਜੋਧਾ ਜਦੁਪਤਿ ਕੇ ਧਾਏ। ਪਾਰਥ ਕਉ ਏ ਬੈਨ ਸੁਨਾਏ।
ਸੁਨ ਰੇ ਅਰਜੁਨ ਤੋ ਤੇ ਡਰਿ ਹੈ। ਮਹਾ ਪਤਿਤ ਤੇਰੋ ਬਧਿ ਕਰਿ ਹੈ। ੨੪੩੮।

ਦੋਹਰਾ

ਪੰਡੁ ਪੁਤ੍ਰ ਜਾਨੀ ਇਹੈ ਮਾਰਤ ਜਾਦਵ ਮੋਰ।
ਜੀਅ ਆਤੁਰ ਹੋਇ ਸ੍ਯਾਮ ਕਹਿ ਚਲਿਯੋ ਦੁਆਰਕਾ ਓਰਿ। ੨੪੩੯।

ਸਵੈਯਾ

ਸੂਕ ਗਯੋ ਮੁਖ ਪਾਰਥ ਕੋ ਮੁਸਲੀਧਰਿ ਜੀਤ ਜਬੈ ਗ੍ਰਿਹਿ ਆਯੋ।
ਸ੍ਰੀ ਬ੍ਰਿਜਨਾਥ ਸਮੋਧ ਕੀਓ ਅਰੇ ਪਾਰਥ ਕਿਉ ਚਿਤ ਮੈ ਡਰ ਪਾਯੋ।
ਬ੍ਯਾਹ ਸੁਭਦ੍ਰਾ ਕੋ ਕੀਨ ਤਬੈ ਜਬ ਹੀ ਮੁਸਲੀਧਰਿ ਕਉ ਸਮਝਾਯੋ।
ਦਾਜ ਦਯੋ ਜਿਹ ਪਾਰ ਨ ਪਇਯਤ ਲੈ ਤਿਹ ਅਰਜੁਨ ਧਾਮਿ ਸਿਧਾਯੋ। ੨੪੪੦।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ ਪਾਰਥ ਸੁਭਦ੍ਰਾ ਕਉ ਹਰ ਕੇ ਬ੍ਯਾਹ ਕਰਿ ਲਯਾਵਤ ਭਏ ਧਿਆਇ ਸਮਾਪਤੰ।

ਅਥ ਮਿਥਲਾਪੁਰ ਰਾਜੇ ਅਰੁ ਬ੍ਰਾਹਮਨ ਕਾ ਪ੍ਰਸੰਗੁ ਅਰੁ ਭਸਮਾਂਗਦ ਦੈਤ ਕੋ ਛਲ ਕੇ ਮਾਰ ਰੁਦ੍ਰ ਕੌ ਛਡਾਵਤ ਭਏ

ਦੋਹਰਾ

ਮਿਥਲ ਦੇਸ ਕੋ ਭੂਪ ਇਕ ਅਤਿਹੁਲਾਸ ਤਿਹ ਨਾਮ।
ਜਦੁਪਤਿ ਕੀ ਪੂਜਾ ਕਰੈ ਨਿਸਿ ਦਿਨ ਆਠੋ ਜਾਮ। ੨੪੪੧।

ਮਤ ਕੇ ਦਿਜ ਇਕ ਥੋ ਤਹਾ ਬਿਨੁ ਹਰਿ ਨਾਮ ਨ ਲੇਇ।
ਜੋ ਹਰਿ ਕੀ ਬਾਤੈ ਕਰੈ ਤਾਹੀ ਮੈ ਚਿਤ ਦੇਇ। ੨੪੪੨।

ਚੌਪਈ

ਫਿਰ ਅਰਜਨ ਨੇ ਉਸੇ ਤਰ੍ਹਾਂ ਕੀਤਾ। ਪੂਜਾ ਨੂੰ ਜਾਂਦੀ ਹੋਈ ਸੁਭਦ੍ਰਾ ਨੂੰ ਹਰ ਲਿਆ। ਤਦ ਸਾਰੇ ਯਾਦਵ ਕ੍ਰੋਧ ਨਾਲ ਭਰ ਗਏ। (ਉਨ੍ਹਾਂ ਨੇ) ਸ੍ਰੀ ਕ੍ਰਿਸ਼ਨ ਕੋਲ ਆ ਕੇ ਪੁਕਾਰ ਕੀਤੀ।੨੪੩੬।

ਸਵੈਯਾ

ਕਵੀ ਸ਼ਿਆਮ ਕਹਿੰਦੇ ਹਨ, ਸ੍ਰੀ ਕ੍ਰਿਸ਼ਨ ਨੇ ਉਨ੍ਹਾਂ ਨੂੰ ਉਸ ਵੇਲੇ ਇਸ ਤਰ੍ਹਾਂ (ਕਹਿ) ਸੁਣਾਇਆ। ਤੁਸੀਂ (ਆਪਣੇ ਆਪ ਨੂੰ) ਵੱਡੇ ਸੂਰਵੀਰ ਅਖਵਾਉਂਦੇ ਹੋ, ਜਾ ਕੇ ਉਸ ਨਾਲ ਲੜਾਈ ਕਰੋ। ਅਰਜਨ ਨਾਲ ਯੁੱਧ ਕਰਨ ਲਈ ਚਲੇ ਹੋ, (ਇੰਜ ਲਗਦਾ ਹੈ) ਤੁਹਾਡੀ ਮੌਤ ਨੇੜੇ ਆ ਗਈ ਹੈ। (ਕ੍ਰਿਸ਼ਨ ਨੇ ਕਿਹਾ ਕਿ) ਤੁਸੀਂ ਜਾ ਕੇ (ਯੁੱਧ) ਕਿਉਂ ਨਹੀਂ (ਕਰਦੇ) ਮੈਂ ਤਾਂ ਤਦ ਤੋਂ ਯੁੱਧ ਛਡ ਦਿੱਤਾ ਹੈ, ਇਹੀ ਮੇਰਾ ਪੱਕਾ ਫੈਸਲਾ ਹੈ।੨੪੩੭।

ਚੌਪਈ

ਤਦ ਸ੍ਰੀ ਕ੍ਰਿਸ਼ਨ ਦੇ ਯੋਧੇ ਭਜ ਤੁਰੇ। ਅਰਜਨ ਨੂੰ ਇਹ ਬੋਲ (ਕਹਿ) ਸੁਣਾਏ ਹੇ ਅਰਜਨ! ਸੁਣ, (ਹੁਣ ਤਕ ਅਸੀਂ) ਤੇਰੇ ਤੋਂ ਡਰਦੇ ਰਹੇ ਹਾਂ। ਹੇ ਮਹਾ ਪਾਪੀ! (ਅਜ ਅਸੀਂ) ਤੇਰਾ ਬਧ ਕਰਦੇ ਹਾਂ।੨੪੩੮।

ਦੋਹਰਾ

ਪੰਡੂ ਪੁੱਤਰ (ਅਰਜਨ) ਨੇ ਇਹ ਜਾਣ ਲਿਆ ਕਿ ਯਾਦਵ ਮੈਨੂੰ ਮਾਰ ਦੇਣਗੇ। (ਕਵੀ) ਸ਼ਿਆਮ ਕਹਿੰਦੇ ਹਨ, (ਇਸ ਲਈ) ਮਨ ਵਿਚ ਆਤੁਰ ਹੋ ਕੇ ਦੁਆਰਿਕਾ ਵਲ ਚਲ ਪਿਆ।੨੪੩੯।

ਸਵੈਯਾ

ਜਦੋਂ ਬਲਰਾਮ ਅਰਜਨ ਨੂੰ ਜਿਤ ਕੇ ਘਰ ਲੈ ਆਇਆ ਤਾਂ ਅਰਜਨ ਦਾ ਮੂੰਹ ਸੁਕ ਗਿਆ। ਸ੍ਰੀ ਕ੍ਰਿਸ਼ਨ ਨੇ ਉਸ ਨੂੰ ਸਮਝਾਇਆ--ਹੇ ਅਰਜਨ! (ਤੂੰ) ਚਿਤ ਵਿਚ ਕਿਉਂ ਡਰ ਗਿਆ ਹੈਂ। ਜਦ (ਸ੍ਰੀ ਕ੍ਰਿਸ਼ਨ ਨੇ) ਬਲਰਾਮ ਨੂੰ ਸਮਝਾ ਦਿੱਤਾ ਤਾਂ ਸੁਭਦ੍ਰਾ ਨਾਲ ਉਸ ਦਾ ਵਿਆਹ ਕਰ ਦਿੱਤਾ। ਇਤਨਾ ਦਾਜ ਦਿੱਤਾ ਜਿਸ ਦਾ ਅੰਤ ਨਹੀਂ ਪਾਇਆ ਜਾ ਸਕਦਾ, ਜਿਸ ਨੂੰ ਲੈ ਕੇ ਅਰਜਨ (ਆਪਣੇ) ਘਰ ਨੂੰ ਚਲਾ ਗਿਆ।੨੪੪੦।

ਇਥੇ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਦੇ ਕ੍ਰਿਸਨਾਵਤਾਰ ਵਿਚ ਅਰਜਨ ਸੁਭਦ੍ਰਾ ਨੂੰ ਹਰ ਕੇ ਅਤੇ ਵਿਆਹ ਕੇ ਲੈ ਆਇਆ, ਅਧਿਆਇ ਦੀ ਸਮਾਪਤੀ।

ਹੁਣ ਮਿਥਲਾਪੁਰ ਰਾਜੇ ਅਤੇ ਬ੍ਰਾਹਮਣ ਦਾ ਪ੍ਰਸੰਗ ਅਤੇ ਭਸਮਾਂਗਦ ਦੈਂਤ ਨੂੰ ਛਲ ਕੇ ਮਾਰਨਾ ਅਤੇ ਰੁਦ੍ਰ ਨੂੰ ਛੁਡਾਉਣਾ

ਦੋਹਰਾ

ਮਿਥਲਾ ਦੇਸ ਦਾ ਇਕ ਰਾਜਾ ਸੀ, ਜਿਸ ਦਾ ਨਾਂ 'ਅਤਿਹੁਲਾਸ' ਸੀ। (ਜੋ) ਰਾਤ ਦਿਨ ਅਠੇ ਪਹਿਰ ਸ੍ਰੀ ਕ੍ਰਿਸ਼ਨ ਦੀ ਪੂਜਾ ਕਰਦਾ ਸੀ। ੨੪੪੧।

ਇਕ ਮਤ ਦਾ ਬ੍ਰਾਹਮਣ ਉਥੇ ਸੀ, ਉਹ 'ਹਰਿ ਨਾਮ' ਤੋਂ ਬਿਨਾ (ਹੋਰ ਕਿਸੇ ਦਾ ਨਾਂ) ਨਹੀਂ ਲੈਂਦਾ ਸੀ। ਜੋ (ਕੋਈ) ਹਰਿ ਦੀ ਗੱਲ ਕਰਦਾ ਸੀ, ਉਸ ਨਾਲ ਹੀ ਚਿਤ ਜੋੜ ਦਿੰਦਾ ਸੀ। ੨੪੪੨।

ਸਵੈਯਾ

ਭੂਪਤਿ ਜਾਇ ਦਿਜੋਤਮ ਕੇ ਗ੍ਰਿਹਿ ਹੇਰਹਿ ਸ੍ਰੀ ਬ੍ਰਿਜਨਾਥ ਬਿਚਾਰੈ।
ਅਉਰ ਕਛੂ ਨਹਿ ਬਾਤ ਕਰੈ ਕਬਿ ਸ੍ਯਾਮ ਕਹੈ ਦੋਊ ਸਾਝ ਸਵਾਰੈ।
ਬਿਪ੍ਰ ਕਹੈ ਘਨਿ ਸ੍ਯਾਮ ਹੀ ਆਇ ਹੈ ਸ੍ਯਾਮ ਹੀ ਆਇ ਹੈ ਭੂਪ ਉਚਾਰੈ।
ਸ੍ਰੀ ਬ੍ਰਿਜ ਨਾਇਕ ਕੀ ਚਰਚਾ ਸੰਗ ਸਾਸ ਘਰੀ ਪੁਨਿ ਜਾਮਨ ਟਾਰੈ। ੨੪੪੩।

ਭੂਪ ਦਿਜੋਤਮ ਕੀ ਅਤਿ ਹੀ ਹਰਿ ਜੂ ਮਨ ਮੈ ਜਬ ਪ੍ਰੀਤਿ ਬਿਚਾਰੀ।
ਮੇਰੇ ਹੈ ਧਿਆਨ ਕੇ ਬੀਚ ਪਰੇ ਇਹ ਅਉਰ ਕਥਾ ਗ੍ਰਿਹ ਕੀ ਜੁ ਬਿਸਾਰੀ।
ਦਾਰੁਕ ਕਉ ਕਹਿ ਸ੍ਯੰਦਨ ਪੈ ਜੁ ਕਰੀ ਪ੍ਰਭ ਜੀ ਤਿਹ ਓਰਿ ਸਵਾਰੀ।
ਸਾਧਨ ਜਾਇ ਸਨਾਥ ਕਰੋ ਅਬ ਸ੍ਰੀ ਬ੍ਰਿਜਨਾਥ ਇਹੈ ਜੀਅ ਧਾਰੀ। ੨੪੪੪।

ਚੌਪਈ

ਤਬ ਜਦੁਪਤਿ ਦੁਇ ਰੂਪ ਬਨਾਯੋ। ਇਕ ਦਿਜ ਕੈ ਇਕ ਨ੍ਰਿਪ ਕੇ ਆਯੋ।
ਦਿਜ ਨ੍ਰਿਪ ਅਤਿ ਸੇਵਾ ਤਿਹ ਕਰੀ। ਚਿਤ ਕੀ ਸਭ ਚਿੰਤਾ ਪਰਹਰੀ। ੨੪੪੫।

ਦੋਹਰਾ

ਚਾਰ ਮਾਸ ਹਰਿ ਜੂ ਤਹਾ ਰਹੇ ਬਹੁਤੁ ਸੁਖ ਪਾਇ।
ਬਹੁਰੁ ਆਪੁਨੇ ਗ੍ਰਿਹ ਗਏ ਜਸ ਕੀ ਬੰਬ ਬਜਾਇ। ੨੪੪੬।

ਇਕ ਕਹਿ ਗੇ ਦਿਜ ਭੂਪ ਕਉ ਬ੍ਰਿਜ ਪਤਿ ਕਰਿ ਇਸ ਨੇਹੁ।
ਬੇਦ ਚਾਰਿ ਜਿਉ ਮੁਹਿ ਜਪੈ ਤਿਉ ਮੁਹਿ ਜਪੁ ਸੁਨਿ ਲੇਹੁ। ੨੪੪੭।

ਇਤਿ ਸ੍ਰੀ ਦਸਮ ਸਿਕੰਧ ਪੁਰਾਣੇ ਬਚਿਤ੍ਰ ਨਾਟਕੇ ਗ੍ਰੰਥੇ ਕ੍ਰਿਸਨਾਵਤਾਰੇ ਕਾਨ੍ਹ ਜੂ ਰਾਜਾ ਤਥਾ ਦਿਜ ਕੋ ਦਰਸ਼ਨ ਦੇ ਕਰਿ ਗ੍ਰਿਹ ਕੋ ਜਾਤ ਭਏ ਧਿਆਇ ਸਮਾਪਤੰ।[1]

ਅਥ ਰਾਜਾ ਪਰੀਛਿਤ ਜੀ ਤਥਾ ਸੁਕਦੇਵ ਪਰਸਪਰ ਬਾਚ

ਸਵੈਯਾ

ਕਾ ਬਿਧਿ ਗਾਵਤ ਹੈ ਗੁਨ ਬੇਦ ਸੁਨੋ ਤੁਮ ਤੇ ਸੁਕ ਇਉ ਜੀਯ ਆਈ।
ਤਿਆਗਿ ਸਭੈ ਫੁਨਿ ਧਾਮ ਕੇ ਲਾਲਚ ਸ੍ਯਾਮ ਭਨੈ ਪ੍ਰਭ ਕੀ ਜਸਤਾਈ।
ਇਉ ਗੁਨ ਗਾਵਤ ਬੇਦ ਸੁਨੋ ਤੁਮ ਰੰਗ ਨ ਰੂਪ ਲਖਿਯੋ ਕਛੁ ਜਾਈ।
ਇਉ ਸੁਕ ਬੈਨ ਕਹੈ ਨ੍ਰਿਪ ਸੋ ਨ੍ਰਿਪ ਸਾਚ ਰਿਦੇ ਅਪੁਨੇ ਠਹਰਾਈ। ੨੪੪੮।

ਰੰਗ ਨ ਰੇਖ ਅਭੇਖ ਸਦਾ ਪ੍ਰਭ ਅੰਤ ਨ ਆਵਤ ਹੈ ਜੁ ਬਤਇਯੈ।
ਚਉਦਹੂ ਲੋਕਨ ਮੈ ਜਿਹ ਕੋ ਦਿਨਿ ਰੈਨਿ ਸਦਾ ਜਸੁ ਕੇਵਲ ਗਇਯੈ।

---

੧. ਬਹੁਤੀਆਂ ਬੀੜਾਂ ਵਿਚ ਇਸ ਉਕਤੀ ਨੂੰ ਅਗਲੀ 'ਅਥ' ਉਕਤੀ ਨਾਲ ਰਲਗਡ ਕਰ ਦਿੱਤਾ ਗਿਆ ਹੈ

ਸਵੈਯਾ

(ਮਿਥਲਾ ਦਾ) ਰਾਜਾ ਉਸ ਸ੍ਰੇਸ਼ਠ ਬ੍ਰਾਹਮਣ ਦੇ ਘਰ ਜਾ ਕੇ ਸ੍ਰੀ ਕ੍ਰਿਸ਼ਨ ਦੇ ਦਰਸ਼ਨ ਦਾ ਹੀ ਵਿਚਾਰ ਕਰਦਾ। ਕਵੀ ਸ਼ਿਆਮ ਕਹਿੰਦੇ ਹਨ, ਉਹ ਦੋਵੇਂ ਸਵੇਰੇ ਅਤੇ ਸ਼ਾਮ ਹੋਰ ਕੋਈ ਗੱਲ ਨਹੀਂ ਕਰਦੇ ਸਨ। ਬ੍ਰਾਹਮਣ ਕਹਿੰਦਾ ਸੀ ਕਿ ਸ੍ਰੀ ਕ੍ਰਿਸ਼ਨ ਆਉਣਗੇ ਅਤੇ ਰਾਜਾ ਵੀ ਕਹਿੰਦਾ ਸੀ ਕਿ ਸ਼ਿਆਮ ਜੀ ਆਉਣਗੇ। ਸ੍ਰੀ ਕ੍ਰਿਸ਼ਨ ਬਾਰੇ ਚਰਚਾ ਨਾਲ ਹੀ ਸ੍ਵਾਸ, ਘੜੀਆਂ ਅਤੇ ਰਾਤਾਂ ਗੁਜ਼ਾਰਦੇ ਸਨ।੨੪੪੩।

ਉਤਮ ਬ੍ਰਾਹਮਣ ਅਤੇ ਰਾਜੇ ਦੀ ਅਤਿ ਅਧਿਕ ਪ੍ਰੀਤ ਬਾਰੇ ਸ੍ਰੀ ਕ੍ਰਿਸ਼ਨ ਨੇ ਮਨ ਵਿਚ ਵਿਚਾਰ ਕੀਤਾ। (ਇਹ ਦੋਵੇਂ) ਮੇਰੇ ਹੀ ਧਿਆਨ ਵਿਚ ਪਏ ਰਹਿੰਦੇ ਹਨ ਅਤੇ (ਇਨ੍ਹਾਂ ਨੇ) ਘਰ ਦੀ ਹੋਰ ਵਿਵਸਥਾ ਭੁਲਾ ਦਿੱਤੀ ਹੈ। ਰਥਵਾਨ ਨੂੰ ਕਹਿ ਕੇ ਅਤੇ ਰਥ ਉਤੇ ਸਵਾਰ ਹੋ ਕੇ, ਸ੍ਰੀ ਕ੍ਰਿਸ਼ਨ ਨੇ ਉਸ ਪਾਸੇ ਵਲ ਚਾਲੇ ਪਾ ਦਿੱਤੇ। 'ਹੁਣ ਉਨ੍ਹਾਂ ਸਾਧ ਪੁਰਸ਼ਾਂ ਨੂੰ ਸਨਾਥ ਕਰਾਂ'--ਸ੍ਰੀ ਕ੍ਰਿਸ਼ਨ ਨੇ ਇਹੀ ਮਨ ਵਿਚ ਧਾਰ ਲਈ।੨੪੪੪।

ਚੌਪਈ

ਤਦ ਸ੍ਰੀ ਕ੍ਰਿਸ਼ਨ ਨੇ ਦੋ ਰੂਪ ਧਾਰਨ ਕੀਤੇ। ਇਕ (ਰੂਪ) ਬ੍ਰਾਹਮਣ ਦੇ ਅਤੇ ਇਕ ਰਾਜੇ ਦੇ ਘਰ ਆਇਆ। ਰਾਜੇ ਅਤੇ ਬ੍ਰਾਹਮਣ ਨੇ (ਆਪਣੇ ਆਪਣੇ ਘਰ) ਉਸ ਦੀ ਸੇਵਾ ਕੀਤੀ। ਚਿਤ ਦੀ ਸਾਰੀ ਚਿੰਤਾ ਦੂਰ ਕਰ ਦਿੱਤੀ।੨੪੪੫।

ਦੋਹਰਾ

ਚਾਰ ਮਹੀਨਿਆਂ ਤਕ ਕ੍ਰਿਸ਼ਨ ਜੀ ਉਥੇ ਰਹੇ ਅਤੇ ਬਹੁਤ ਸੁਖ ਪਾਇਆ। ਫਿਰ ਯਸ਼ ਦਾ ਧੌਂਸਾ ਵਜਾ ਕੇ ਆਪਣੇ ਘਰ ਗਏ।੨੪੪੬।

ਇਸ ਪ੍ਰੇਮ ਕਾਰਨ ਸ੍ਰੀ ਕ੍ਰਿਸ਼ਨ ਰਾਜੇ ਅਤੇ ਬ੍ਰਾਹਮਣ ਨੂੰ ਇਕ (ਗੱਲ) ਕਹਿ ਗਏ (ਕਿ) ਜਿਵੇਂ ਮੈਨੂੰ ਚਾਰ ਵੇਦ ਜਪਦੇ ਹਨ, ਤਿਵੇਂ ਮੈਨੂੰ ਜਪੋ, (ਇਹ ਗੱਲ ਧਿਆਨ ਨਾਲ) ਸੁਣ ਲਵੋ।੨੪੪੭।

ਇਥੇ ਸ੍ਰੀ ਦਸਮ ਸਕੰਧ ਪੁਰਾਣ, ਬਚਿਤ੍ਰ ਨਾਟਕ ਗ੍ਰੰਥ ਦੇ ਕ੍ਰਿਸਨਾਵਤਾਰ ਦੇ ਕ੍ਰਿਸ਼ਨ ਜੀ ਦਾ ਰਾਜਾ ਅਤੇ ਬ੍ਰਾਹਮਣ ਨੂੰ ਦਰਸ਼ਨ ਦੇ ਕੇ ਘਰ ਜਾਣਾ, ਅਧਿਆਇ ਦੀ ਸਮਾਪਤੀ।

ਹੁਣ ਸੁਕਦੇਵ ਅਤੇ ਰਾਜਾ ਪਰੀਕਸ਼ਿਤ ਦੀ ਆਪਸ ਵਿਚ ਗਲਬਾਤ

ਸਵੈਯਾ

(ਪ੍ਰਭੂ ਦੇ) ਗੁਣ ਵੇਦ ਕਿਸ ਰੀਤ ਨਾਲ ਗਾਉਂਦੇ ਹਨ--ਹੇ ਸ਼ੁਕਦੇਵ! ਤੇਰੇ ਕੋਲੋਂ (ਇਸ ਦਾ ਉੱਤਰ) ਸੁਣਾਂ, (ਇਹ ਵਿਚਾਰ ਮੇਰੇ) ਮਨ ਵਿਚ ਆਇਆ ਹੈ। (ਕਵੀ) ਸ਼ਿਆਮ ਕਹਿੰਦੇ ਹਨ, ਘਰ ਦੇ ਸਾਰੇ ਲਾਲਚ ਤਿਆਗ ਕੇ ਪ੍ਰਭੂ ਦੇ ਯਸ਼ ਦਾ ਵਰਣਨ ਕਰਨਾ ਚਾਹੀਦਾ ਹੈ। ਤੁਸੀਂ (ਧਿਆਨ ਪੂਰਵਕ) ਸੁਣੋ, ਵੇਦ ਇਸ ਤਰ੍ਹਾਂ ਗੁਣ ਗਾਉਂਦੇ ਹਨ ਕਿ (ਉਸ ਦਾ) ਰੰਗ, ਰੂਪ ਕੁਝ ਜਾਣਿਆ ਨਹੀਂ ਜਾ ਸਕਦਾ। ਇਸ ਤਰ੍ਹਾਂ ਦੇ ਬਚਨ ਸ਼ੁਕਦੇਵ ਨੇ ਰਾਜੇ ਨੂੰ ਕਹੇ। ਰਾਜੇ (ਨੇ ਸੁਣ ਕੇ) ਹਿਰਦੇ ਵਿਚ ਸਚ ਕਰ ਕੇ ਮੰਨ ਲਏ।੨੪੪੮।

(ਉਸ) ਪ੍ਰਭੂ ਦਾ ਰੰਗ-ਰੇਖ ਨਹੀਂ ਹੈ, ਸਦਾ ਅਭੇਖ ਹੀ ਹੈ, ਉਸ ਦਾ ਅੰਤ (ਹੱਥ) ਨਹੀਂ ਆਉਂਦਾ, ਜੋ ਦਸ ਸਕੀਏ। ਚੌਦਾਂ ਲੋਕਾਂ ਵਿਚ ਸਦਾ ਰਾਤ ਦਿਨ, ਕੇਵਲ ਜਿਸ ਦਾ

ਗਿਆਨ ਬਿਖੈ ਅਰੁ ਧਿਆਨ ਬਿਖੈ ਇਸਨਾਨ ਬਿਖੈ ਰਸ ਮੈ ਚਿਤ ਕਇਯੈ।
ਬੇਦ ਜਪੈ ਜਿਹ ਕੋ ਤਿਹ ਜਾਪ ਸਦਾ ਕਰੀਐ ਨ੍ਰਿਪ ਯੌ ਸੁਨਿ ਲਇਯੈ। ੨੪੪੯।

ਜਾਹਿ ਕੀ ਦੇਹ ਸਦਾ ਗੁਨ ਗਾਵਤ ਸ੍ਯਾਮ ਜੂ ਕੇ ਰਸ ਕੇ ਸੰਗ ਭੀਨੀ।
ਤਾਹਿ ਪਿਤਾ ਹਮਰੇ ਸੰਗ ਬਾਤ ਕਹੀ ਤਿਹ ਤੇ ਹਮ ਹੂ ਸੁਨਿ ਲੀਨੀ।
ਜਾਪ ਜਪੈ ਸਭ ਹੀ ਹਰਿ ਕੋ ਸੁ ਜਪੈ ਨਹਿ ਹੈ ਜਿਹ ਕੀ ਮਤਿ ਹੀਨੀ।
ਤਾਹਿ ਸਦਾ ਰੁਚਿ ਸੋ ਜਪੀਐ ਨ੍ਰਿਪ ਕੋ ਸੁਕਦੇਵ ਇਹੈ ਮਤਿ ਦੀਨੀ। ੨੪੫੦।

ਕਸਟ ਕੀਏ ਜੋ ਨ ਆਵਤ ਹੈ ਕਰਿ ਸੀਸ ਜਟਾ ਧਰੇ ਹਾਥਿ ਨ ਆਵੈ।
ਬਿਦਿਆ ਪੜੇ ਨ ਕੜੇ ਤਪ ਸੋ ਅਰੁ ਜੋ ਦ੍ਰਿਗ ਮੂੰਦ ਕੋਊ ਗੁਨ ਗਾਵੈ।
ਬੀਨ ਬਜਾਇ ਸੁ ਨ੍ਰਿਤ ਦਿਖਾਇ ਬਤਾਇ ਭਲੇ ਹਰਿ ਲੋਕ ਰਿਝਾਵੈ।
ਪ੍ਰੇਮ ਬਿਨਾ ਕਰ ਮੋ ਨਹੀ ਆਵਤ ਬ੍ਰਹਮ ਹੂ ਸੋ ਜਿਹ ਭੇਦ ਨ ਪਾਵੈ। ੨੪੫੧।

ਖੋਜ ਰਹੇ ਰਵਿ ਸੇ ਸਸਿ ਸੇ ਤਿਹ ਕੋ ਤਿਹ ਕੋ ਕਛੁ ਅੰਤ ਨ ਆਯੋ।
ਰੁਦ੍ਰ ਕੇ ਪਾਰ ਨ ਪਇਯਤ ਜਾਹਿ ਕੇ ਬੇਦ ਸਕੈ ਨਹਿ ਭੇਦ ਬਤਾਯੋ।
ਨਾਰਦ ਤੂੰਬਰ ਲੈ ਕਰਿ ਬੀਨ ਭਲੇ ਬਿਧਿ ਸੋ ਹਰਿ ਕੋ ਗੁਨ ਗਾਯੋ।
ਸ੍ਯਾਮ ਭਨੈ ਬਿਨੁ ਪ੍ਰੇਮ ਕੀਏ ਬ੍ਰਿਜ ਨਾਇਕ ਸੋ ਬ੍ਰਿਜ ਨਾਇਕ ਪਾਯੋ। ੨੪੫੨।

ਦੋਹਰਾ

ਜਬ ਨ੍ਰਿਪ ਸੋ ਸੁਕ ਯੌ ਕਹਿਯੋ ਤਬ ਨ੍ਰਿਪ ਸੁਕ ਕੇ ਸਾਥ।
ਹਰਿ ਜਨ ਦੁਖੀ ਸੁਖੀ ਸੁ ਸਿਵ ਰਹੈ ਸੁ ਕਹੁ ਮੁਹਿ ਗਾਥ। ੨੪੫੩।

ਚੌਪਈ

ਜਬ ਸੁਕ ਸੋ ਯਾ ਬਿਧ ਕਹਿਯੋ। ਦੀਬੋ ਤਬ ਸੁਕ ਉਤਰ ਚਹਿਯੋ।
ਇਹੈ ਜੁਧਿਸਟਰ ਕੈ ਜੀਅ ਆਯੋ। ਹਰਿ ਪੂਛਿਓ ਹਰਿ ਭੇਦ ਸੁਨਾਯੋ। ੨੪੫੪।

ਸੁਕੋ ਬਾਚ

ਦੋਹਰਾ

ਸੁਨਿ ਭੂਪਤਿ ਯਾ ਜਗਤ ਮੈ ਦੁਖੀ ਰਹਤ ਹਰਿ ਸੰਤ।
ਅੰਤਿ ਲਹਤ ਹੈ ਮੁਕਤਿ ਫਲ ਪਾਵਤ ਹੈ ਭਗਵੰਤ। ੨੪੫੫।

ਯਸ਼ ਗਾਇਆ ਜਾਂਦਾ ਹੈ। ਗਿਆਨ ਵਿਚ, ਧਿਆਨ ਵਿਚ ਅਤੇ ਇਸ਼ਨਾਨ ਵਿਚ ਅਤੇ ਪ੍ਰੇਮ (ਰਸ) ਵਿਚ ਜਿਸ ਨੂੰ ਯਾਦ ਕੀਤਾ ਜਾਂਦਾ ਹੈ। ਜਿਸ ਨੂੰ ਵੇਦ ਜਪਦੇ ਹਨ, ਉਸ ਦਾ ਸਦਾ ਜਾਪ ਕਰਨਾ ਚਾਹੀਦਾ ਹੈ--ਹੇ ਰਾਜਨ! ਇਸ ਤਰ੍ਹਾਂ ਸੁਣ ਲਵੋ।੨੪੪੯।

ਜਿਸ ਦੀ ਦੇਹ ਕ੍ਰਿਸ਼ਨ ਜੀ ਦੇ ਰਸ ਨਾਲ ਭਿਜੀ ਹੋਈ ਸਦਾ ਗੁਣ ਗਾਉਂਦੀ ਹੈ। ਉਸ ਨੇ ਮੇਰੇ ਪਿਤਾ ਨਾਲ ਗੱਲ ਕੀਤੀ ਸੀ, ਉਸ ਕੋਲੋਂ ਮੈਂ ਵੀ ਸੁਣ ਲਈ ਹੈ। ਸਾਰੇ ਹਰਿ (ਸ੍ਰੀ ਕਿਸ਼ਨ) ਦਾ ਜਾਪ ਜਪਦੇ ਹਨ। ਉਹੀ ਨਹੀਂ ਜਪਦਾ ਜਿਸ ਦੀ ਬੁੱਧੀ ਹੀਣੀ ਹੈ। ਉਸ ਨੂੰ ਸਦਾ ਰੁਚੀ ਪੂਰਵਕ ਜਪਣਾ ਚਾਹੀਦਾ ਹੈ--ਸ਼ੁਕਦੇਵ ਨੇ ਇਹੀ ਮਤ ਰਾਜੇ ਨੂੰ ਦਿੱਤੀ।੨੪੫੦।

ਜੋ ਕਸ਼ਟ ਕੀਤਿਆਂ (ਹੱਥ) ਨਹੀਂ ਆਉਂਦਾ ਅਤੇ ਸਿਰ ਉਤੇ ਜਟਾਵਾਂ ਧਰਨ ਨਾਲ ਵੀ ਵਸ ਵਿਚ ਨਹੀਂ ਹੁੰਦਾ। ਜੋ ਵਿਦਿਆ ਪੜ੍ਹਨ ਨਾਲ ਅਤੇ ਕਠੋਰ ਤਪ ਨਾਲ, ਅੱਖਾਂ ਮੀਟਣ ਨਾਲ ਅਤੇ ਗੁਣ ਗਾਉਣ ਨਾਲ (ਪ੍ਰਾਪਤ) ਨਹੀਂ (ਹੋਇਆ)। ਬੀਣਾ ਨੂੰ ਵਜਾ ਕੇ, ਨਾਚ ਵਿਖਾ ਕੇ ਅਤੇ ਚੰਗੇ (ਉਪਦੇਸ਼) ਦਸ ਕੇ (ਕੋਈ ਭਾਵੇਂ) ਹਰਿ-ਜਨਾਂ ਨੂੰ ਰਿਝਾ ਲਵੇ। (ਪਰ) ਪ੍ਰੇਮ ਤੋਂ ਬਿਨਾ ਬ੍ਰਹਮ ਹੱਥ ਵਿਚ ਨਹੀਂ ਆਉਂਦਾ, (ਕਿਉਂਕਿ) ਉਸ ਦੇ ਭੇਦ ਨੂੰ ਨਹੀਂ ਪਾਇਆ ਜਾ ਸਕਦਾ।੨੪੫੧।

ਸੂਰਜ ਵਰਗੇ, ਚੰਦ੍ਰਮਾ ਜਿਹੇ ਖੋਜ ਰਹੇ ਹਨ, (ਪਰ) ਉਨ੍ਹਾਂ ਨੂੰ ਉਸ ਦਾ ਕੁਝ ਅੰਤ (ਪ੍ਰਾਪਤ) ਨਹੀਂ ਹੋਇਆ। (ਜਿਸ ਦਾ) ਰੁਦ੍ਰ ਤੋਂ ਵੀ ਪਾਰ ਨਹੀਂ ਪਾਇਆ ਜਾ ਸਕਿਆ ਅਤੇ ਜਿਸ ਦੇ ਭੇਦ ਨੂੰ ਵੇਦ ਵੀ ਨਹੀਂ ਦਸ ਸਕੇ। ਨਾਰਦ ਨੇ ਹੱਥ ਵਿਚ ਤੂੰਬਾ ਅਤੇ ਬੀਣਾ ਲੈ ਕੇ ਚੰਗੀ ਤਰ੍ਹਾਂ ਹਰਿ ਦੇ ਗੁਣ ਗਾਏ ਹਨ। (ਕਵੀ) ਸ਼ਿਆਮ ਕਹਿੰਦੇ ਹਨ, ਕਿ ਬਿਨਾ ਪ੍ਰੇਮ ਕੀਤਿਆਂ ਕ੍ਰਿਸ਼ਨ ਵਰਗਿਆਂ ਨੇ ਵੀ ਕ੍ਰਿਸ਼ਨ (ਪ੍ਰਭੂ) ਨੂੰ ਨਹੀਂ ਪਾਇਆ।੨੪੫੨।

ਦੋਹਰਾ

ਜਦ ਸ਼ੁਕਦੇਵ ਨੇ ਰਾਜੇ ਨੂੰ ਇਸ ਤਰ੍ਹਾਂ ਕਿਹਾ, ਤਦ ਰਾਜੇ ਨੇ ਸ਼ੁਕਦੇਵ ਪਾਸ (ਬੇਨਤੀ ਕੀਤੀ--) 'ਹਰਿਜਨ' (ਇਸ ਸੰਸਾਰ ਵਿਚ) ਦੁਖੀ ਰਹਿੰਦੇ ਹਨ ਅਤੇ ਸ਼ਿਵ (ਭਗਤ) ਸੁਖੀ ਰਹਿੰਦੇ ਹਨ, ਮੈਨੂੰ ਇਹ ਗਾਥਾ ਦਸੋ।੨੪੫੩।

ਚੌਪਈ

ਜਦ ਸ਼ੁਕਦੇਵ ਨੂੰ (ਰਾਜੇ ਨੇ) ਇਸ ਤਰ੍ਹਾਂ ਕਿਹਾ। ਤਦ ਸ਼ੁਕਦੇਵ ਨੇ ਉੱਤਰ ਦੇਣਾ ਚਾਹਿਆ। ਇਹੀ (ਪ੍ਰਸ਼ਨ) ਯੁਧਿਸ਼ਠਰ ਦੇ ਮਨ ਵਿਚ ਵੀ ਆਇਆ ਸੀ। (ਉਸ ਨੇ) ਸ੍ਰੀ ਕ੍ਰਿਸ਼ਨ ਪਾਸੋ ਪੁਛਿਆ ਸੀ ਅਤੇ ਸ੍ਰੀ ਕ੍ਰਿਸ਼ਨ ਨੇ (ਸਾਰਾ) ਭੇਦ ਸੁਣਾਇਆ ਸੀ।੨੪੫੪।

ਸ਼ੁਕਦੇਵ ਨੇ ਕਿਹਾ--

ਦੋਹਰਾ

ਹੇ ਰਾਜਨ! ਸੁਣੋ, ਇਸ ਜਗਤ ਵਿਚ ਹਰਿ ਦੇ ਸੰਤ (ਹਰਿ-ਜਨ) ਸਦਾ ਦੁਖੀ ਰਹਿੰਦੇ ਹਨ। (ਪਰ) ਅੰਤ ਨੂੰ ਮੁਕਤੀ ਰੂਪ ਫਲ ਹਾਸਲ ਕਰਦੇ ਹਨ ਅਤੇ ਭਗਵਾਨ ਨੂੰ ਪ੍ਰਾਪਤ ਕਰ ਲੈਂਦੇ ਹਨ।੨੪੫੫।

ਸੋਰਠਾ

ਰੁਦ੍ਰ ਭਗਤ ਜਗ ਮਾਹਿ ਸੁਖ ਕੇ ਦਿਵਸ ਸਦਾ ਭਰੈ।
ਮਰੈ ਫਿਰਿ ਆਵਹਿ ਜਾਹਿ ਫਲੁ ਕਛੁ ਲਹੈ ਨ ਮੁਕਤਿ ਕੋ। ੨੪੫੬।

ਸਵੈਯਾ

ਸੁਨ ਲੈ ਭਸਮਾਗਦ ਦੈਤ ਹੁਤੋ ਤਿਹ ਨਾਰਦ ਤੇ ਜਬ ਹੀ ਸੁਨਿ ਪਾਯੋ।
ਰੁਦ੍ਰ ਕੀ ਸੇਵ ਕਰੀ ਰੁਚਿ ਸੋ ਬਹੁਤੇ ਦਿਨ ਰੁਦ੍ਰਹਿ ਕੋ ਰਿਝਵਾਯੋ।
ਆਪਨੇ ਮਾਸਹਿ ਕਾਟਿ ਕੈ ਆਗ ਮੈ ਹੋਮ ਕਰਿਯੋ ਨ ਰਤੀ ਕੁ ਡਰਾਯੋ।
ਹਾਥ ਧਰੋ ਜਿਹ ਕੇ ਸਿਰ ਪੈ ਤਿਹ ਛਾਰ ਉਡੈ ਸੁ ਇਹੈ ਬਰੁ ਪਾਯੋ। ੨੪੫੭।

ਹਾਥ ਧਰੋ ਜਿਹ ਕੈ ਸਿਰ ਪੈ ਤਿਹ ਛਾਰ ਉਡੈ ਜਬ ਹੀ ਬਰੁ ਪਾਯੋ।
ਰੁਦ੍ਰ ਹੀ ਕਉ ਪ੍ਰਥਮੈ ਹਤਿ ਕੈ ਜੜ ਚਾਹਤ ਤਿਉ ਤਿਹ ਤ੍ਰੀਅ ਛਿਨਾਯੋ।
ਰੁਦ੍ਰ ਭਜਿਯੋ ਤਬ ਆਏ ਹੈ ਸ੍ਯਾਮ ਜੂ ਆਇ ਕੈ ਸੋ ਛਲ ਸੋ ਜਰਵਾਯੋ।
ਭੂਪ ਕਹੋ ਬਡੋ ਸੋ ਤੁਮ ਹੀ ਕਿ ਬਡੋ ਹਰ ਹੈ ਜਿਹ ਤਾਹਿ ਬਚਾਯੋ। ੨੪੫੮।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ ਭਸਮਾਗਦ ਦੈਤ ਬਧਹ ਧਿਆਇ ਸਮਾਪਤੰ।

ਅਥ ਭ੍ਰਿਗਲਤਾ ਕੋ ਪ੍ਰਸੰਗ ਕਥਨੰ

ਸਵੈਯਾ

ਬੈਠੇ ਹੁਤੇ ਰਿਖਿ ਸਾਤ ਤਹਾ ਇਕਠੇ ਤਿਨ ਕੇ ਜੀਅ ਮੈ ਅਸ ਆਯੋ।
ਰੁਦ੍ਰ ਭਲੋ ਬ੍ਰਹਮਾ ਕਿਧੋ ਬਿਸਨੁ ਜੁ ਪੈ ਪ੍ਰਿਥਮੈ ਜਿਹ ਕੋ ਠਹਰਾਯੋ।
ਤੀਨੋ ਅਨੰਤ ਹੈ ਅੰਤਿ ਕਛੂ ਨਹਿ ਹੈ ਇਨ ਕੋ ਕਿਨ ਹੂ ਨਹੀ ਪਾਯੋ।
ਭੇਦ ਲਹੋ ਇਨ ਕੋ ਤਿਨ ਮੈ ਭ੍ਰਿਗ ਬੈਠੋ ਹੁਤੋ ਸੋਊ ਦੇਖਨ ਧਾਯੋ। ੨੪੫੯।

ਰੁਦ੍ਰ ਕੇ ਧਾਮ ਗਯੋ ਕਹਿਓ ਤੁਮ ਜੀਵ ਹਨੋ ਤਿਹ ਸੂਲ ਸੰਭਾਰਿਯੋ।
ਗਯੋ ਚਤੁਰਾਨਨ ਕੇ ਚਲਿ ਕੈ ਇਹ ਬੇਦ ਰਰੈ ਇਹ ਜਾਨ ਨ ਪਾਰਿਯੋ।
ਬਿਸਨ ਕੇ ਲੋਕ ਗਯੋ ਸੁਖ ਸੋਵਤ ਕੋਪ ਭਰਿਯੋ ਰਿਖਿ ਲਾਤਹਿ ਮਾਰਿਯੋ।
ਕੋਪ ਕੀਯੋ ਨ ਗਹੇ ਰਿਖਿ ਪਾ ਇਹ ਸ੍ਰੀ ਪਤਿ ਸ੍ਰੀ ਬ੍ਰਿਜਨਾਥ ਬਿਚਾਰਿਯੋ। ੨੪੬੦।

ਸੋਰਠਾ

ਰੁਦ੍ਰ ਦੇ ਭਗਤ ਸੰਸਾਰ ਵਿਚ ਸਦਾ ਸੁਖ ਦੇ ਦਿਨ ਭੋਗਦੇ ਹਨ। (ਪਰ ਉਹ) ਮਰਦੇ ਹਨ, ਫਿਰ ਆਉਂਦੇ ਜਾਂਦੇ ਹਨ ਅਤੇ ਮੁਕਤ ਰੂਪ ਫਲ ਕਦੇ ਵੀ ਨਹੀਂ ਲੈ ਸਕਦੇ।੨੪੫੬।

ਸਵੈਯਾ

(ਹੇ ਰਾਜਨ!) ਸੁਣੋ, ਇਕ ਭਸਮਾਂਗਦ ਦੈਂਤ ਹੁੰਦਾ ਸੀ, ਉਸ ਨੇ ਜਦੋਂ ਨਾਰਦ ਤੋਂ ਇਹ ਸੁਣ ਲਿਆ। (ਤਾਂ ਉਸ ਨੇ) ਬਹੁਤ ਦਿਨਾਂ ਤਕ ਰੁਦ੍ਰ ਦੀ ਰੁਚੀ ਪੂਰਵਕ ਸੇਵਾ ਕੀਤੀ ਅਤੇ ਉਸ ਨੂੰ ਪ੍ਰਸੰਨ ਕਰ ਲਿਆ। (ਉਸ ਨੇ) ਆਪਣਾ ਮਾਸ ਕਟ ਕਟ ਕੇ ਅਗਨੀ ਵਿਚ ਹੋਮ ਕਰ ਦਿੱਤਾ ਅਤੇ ਰਤੀ ਜਿੰਨਾ ਵੀ ਨ ਡਰਿਆ। '(ਮੈਂ) ਜਿਸ ਦੇ ਸਿਰ ਉਪਰ ਹੱਥ ਧਰਾਂ, ਉਹ ਸੁਆਹ ਹੋ ਕੇ ਉਡ ਜਾਵੇ'-- ਉਸ ਨੇ ਇਹ ਵਰ ਪ੍ਰਾਪਤ ਕਰ ਲਿਆ।੨੪੫੭।

'ਜਿਸ ਦੇ ਸਿਰ ਉਤੇ ਹੱਥ ਧਰਾਂ, ਉਹ ਸੁਆਹ ਹੋ ਕੇ ਉਡ ਜਾਵੇ', ਜਦ ਉਸ ਨੇ (ਇਹ) ਵਰ ਪ੍ਰਾਪਤ ਕਰ ਲਿਆ। (ਤਦ) ਉਸ ਮੂਰਖ ਨੇ ਪਹਿਲਾਂ ਰੁਦ੍ਰ ਨੂੰ ਹੀ ਮਾਰ ਕੇ ਉਸ ਦੀ ਇਸਤਰੀ ਨੂੰ ਹਥਿਆਉਣਾ ਚਾਹਿਆ। ਰੁਦ੍ਰ ਭਜ ਚਲਿਆ। ਤਦ ਕ੍ਰਿਸ਼ਨ ਜੀ ਆ ਗਏ ਅਤੇ ਛਲ ਪੂਰਵਕ ਉਸ ਨੂੰ ਸੜਵਾ ਦਿੱਤਾ। ਹੇ ਰਾਜਨ! ਹੁਣ ਤੁਸੀਂ ਹੀ ਦਸੋ, ਉਹ (ਰੁਦ੍ਰ) ਵੱਡਾ ਹੈ ਜਾਂ ਕ੍ਰਿਸ਼ਨ ਵੱਡਾ ਹੈ ਜਿਸ ਨੇ ਉਸ ਨੂੰ ਸੜਨ ਤੋਂ ਬਚਾ ਲਿਆ ਹੈ।੨੪੫੮।

ਇਥੇ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਦੇ ਕ੍ਰਿਸ਼ਨਾਵਤਾਰ ਦੇ ਭਸਮਾਂਗਦ ਦੈਂਤ ਦੇ ਬਧ ਦੇ ਪ੍ਰਸੰਗ ਦੀ ਸਮਾਪਤੀ।

ਹੁਣ ਭ੍ਰਿਗਲਤਾ ਦੇ ਪ੍ਰਸੰਗ ਦਾ ਕਥਨ

ਸਵੈਯਾ

ਉਥੇ ਸੱਤ ਰਿਸ਼ੀ ਇਕੱਠੇ ਬੈਠੇ ਸਨ, ਉਨ੍ਹਾਂ ਦੇ ਮਨ ਵਿਚ ਇਸ ਤਰ੍ਹਾਂ ਆਇਆ ਕਿ ਰੁਦ੍ਰ ਚੰਗਾ ਹੈ, ਜਾਂ ਬ੍ਰਹਮਾ ਜਾਂ ਵਿਸ਼ਣੂ, ਜਿਸ ਨੂੰ ਪਹਿਲਾਂ ਮੰਨਿਆ ਜਾਵੇ। ਤਿੰਨੋ ਅਨੰਤ ਹਨ, (ਇਨ੍ਹਾਂ ਦਾ) ਕੁਝ ਅੰਤ ਨਹੀਂ ਹੈ ਅਤੇ ਨ ਹੀ ਕਿਸੇ ਨੇ (ਇਨ੍ਹਾਂ ਨੂੰ) ਪਾਇਆ ਹੈ। ਉਨ੍ਹਾਂ ਵਿਚ (ਇਕ) ਭ੍ਰਿਗੂ (ਨਾਂ ਦਾ ਰਿਸ਼ੀ) ਬੈਠਾ ਹੋਇਆ ਸੀ। (ਉਸ ਨੇ ਦਾਵਾ ਕੀਤਾ ਕਿ ਮੈਂ) ਇਨ੍ਹਾਂ ਦਾ ਭੇਦ ਪਾ ਲਵਾਂਗਾ। (ਇਸ ਲਈ ਇਨ੍ਹਾਂ ਨੂੰ) ਵੇਖਣ ਲਈ ਉਹ ਤੁਰ ਪਿਆ।੨੪੫੯।

(ਪਹਿਲਾਂ) ਰੁਦ੍ਰ ਦੇ ਘਰ ਗਿਆ (ਅਤੇ ਉਸ ਨੂੰ) ਕਿਹਾ--ਤੁਸੀਂ ਜੀਵਾਂ ਨੂੰ ਮਾਰਦੇ ਹੋ। (ਇਸ ਗੱਲ ਤੇ ਵਿਗੜ ਕੇ) ਰੁਦ੍ਰ ਨੇ ਤ੍ਰਿਸ਼ੂਲ ਸੰਭਾਲ ਲਿਆ (ਅਤੇ ਮਾਰਨ ਲਈ ਦੌੜਿਆ)। (ਭ੍ਰਿਗੂ) ਚਲ ਕੇ ਬ੍ਰਹਮਾ (ਦੇ ਘਰ) ਗਿਆ (ਅਤੇ ਕਿਹਾ--) ਇਹ ਵੇਦ ਪੜ੍ਹਦਾ ਹੈ, ਪਰ ਇਨ੍ਹਾਂ ਦਾ (ਭੇਦ) ਨਹੀਂ ਜਾਣਿਆ। (ਬ੍ਰਹਮਾ ਦੇ ਔਖੇ ਹੋ ਜਾਣ ਤੋਂ ਬਾਦ ਉਹ) ਵਿਸ਼ਣੂ ਦੇ ਲੋਕ ਵਿਚ ਗਿਆ। (ਉਹ) ਸੁਖ ਪੂਰਵਕ ਸੁਤਾ ਪਿਆ ਸੀ। ਰਿਸ਼ੀ ਨੇ ਕ੍ਰੋਧਿਤ ਹੋ ਕੇ (ਉਸ ਨੂੰ) ਲਤ ਮਾਰੀ। (ਵਿਸ਼ਣੂ ਨੇ) ਕ੍ਰੋਧ ਨ ਕੀਤਾ, (ਸਗੋਂ) ਰਿਸ਼ੀ ਦੇ ਪੈਰਾਂ ਨੂੰ ਫੜ ਲਿਆ (ਅਤੇ ਅਵਗਿਆ ਦੀ ਮਾਫ਼ੀ ਮੰਗੀ)। ਉਸ ਵਿਸ਼ਣੂ ਨੂੰ ਹੀ ਕ੍ਰਿਸ਼ਨ ਵਿਚਾਰਿਆ ਗਿਆ ਹੈ।੨੪੬੦।

ਬਿਸਨੁ ਜੁ ਬਾਚ ਭ੍ਰਿਗੁ ਸੋ

ਸਵੈਯਾ

ਪਾਇ ਕੋ ਘਾਇ ਰਹਿਓ ਸਹਿ ਕੈ ਹਸ ਕੈ ਦਿਜ ਸੋ ਇਹ ਭਾਤਿ ਉਚਾਰੋ।
ਬਜ੍ਰ ਸਮਾਨ ਹ੍ਰਿਦੈ ਹਮਰੋ ਲਗਿ ਪਾਇ ਦੁਖਿਓ ਹ੍ਵੈ ਹੈ ਤੁਹਿ ਮਾਰੋ।
ਮਾਗਤਿ ਹਉ ਇਕ ਜੋ ਤੁਮ ਦੇਹੁ ਜੁ ਪੈ ਛਿਮ ਕੈ ਅਪਰਾਧ ਹਮਾਰੋ।
ਜੇਤਕ ਰੂਪ ਧਰੋ ਜਗ ਹਉ ਤੁ ਸਦਾ ਰਹੈ ਪਾਇ ਕੋ ਚਿਹਨ ਤੁਹਾਰੋ। ੨੪੯੧।

ਇਉ ਜਬ ਬੈਨ ਕਹੇ ਬ੍ਰਿਜ ਨਾਇਕ ਤਉ ਰਿਖਿ ਚਿਤ ਬਿਖੈ ਸੁਖੁ ਪਾਯੋ।
ਕੈ ਕੈ ਪ੍ਰਨਾਮ ਘਨੇ ਪ੍ਰਭ ਕਉ ਪੁਨਿ ਆਪਨੇ ਆਸ੍ਰਮ ਮੈ ਫਿਰਿ ਆਯੋ।
ਰੁਦ੍ਰ ਕੋ ਬ੍ਰਹਮ ਕੋ ਬਿਸਨੁ ਕਥਾਨ ਕੋ ਭੇਦ ਸਭੈ ਇਨ ਕੋ ਸਮਝਾਯੋ।
ਸ੍ਯਾਮ ਕੋ ਜਾਪ ਜਪੈ ਸਭ ਹੀ ਹਮ ਸ੍ਰੀ ਬ੍ਰਿਜਨਾਥ ਸਹੀ ਪ੍ਰਭ ਪਾਯੋ। ੨੪੯੨।

ਜਾਪ ਕੀਯੋ ਸਭ ਹੀ ਹਰਿ ਕੋ ਜਬ ਯੌ ਭ੍ਰਿਗੁ ਆਇ ਕੈ ਬਾਤ ਸੁਨਾਈ।
ਹੈ ਰੇ ਅਨੰਤ ਕਹਿਓ ਕਰੁਨਾਨਿਧਿ ਬੇਦ ਸਕੈ ਨਹੀ ਜਾਹਿ ਬਤਾਈ।
ਕ੍ਰੋਧੀ ਹੈ ਰੁਦ੍ਰ ਗਰੇ ਰੁੰਡ ਮਾਲ ਕਉ ਡਾਰਿ ਕੈ ਬੈਠੋ ਹੈ ਡਿੰਭ ਜਨਾਈ।
ਤਾਹਿ ਜਪੋ ਨ ਜਪੋ ਹਰਿ ਕੋ ਪ੍ਰਭ ਸ੍ਰੀ ਬ੍ਰਿਜਨਾਥ ਸਹੀ ਠਹਰਾਈ। ੨੪੯੩।

ਜਾਪ ਜਪਿਯੋ ਸਭ ਹੂ ਹਰਿ ਕੋ ਜਬ ਯੌ ਭ੍ਰਿਗੁ ਆਨਿ ਰਿਖੋ ਸਮਝਾਯੋ।
ਜਿਉ ਜਗ ਭੂਤ ਪਿਸਾਚਨ ਮਾਨਤ ਤੈਸੋ ਈ ਲੈ ਇਕ ਰੁਦ੍ਰ ਬਨਾਯੋ।
ਕੋ ਬ੍ਰਹਮਾ ਕਰਿ ਮਾਲਾ ਲੀਏ ਜਪੁ ਤਾ ਕੋ ਕਰੈ ਤਿਹ ਕੋ ਨਹੀ ਪਾਯੋ।
ਸ੍ਰੀ ਬ੍ਰਿਜਨਾਥ ਕੋ ਧਿਆਨ ਧਰੋ ਸੁ ਧਰਿਓ ਤਿਨ ਅਉਰ ਸਭੈ ਬਿਸਰਾਯੋ। ੨੪੯੪।

ਇਤਿ ਸ੍ਰੀ ਦਸਮ ਸਿਕੰਧ ਪੁਰਾਣੇ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ ਭ੍ਰਿਗੁਲਤਾ ਪ੍ਰਸੰਗ ਬਰਨਨੰ ਨਾਮ ਧਿਆਇ ਸਮਾਪਤਮ।

ਅਥ ਪਾਰਥ ਦਿਜ ਕੇ ਨਮਿਤ ਚਿਖਾ ਸਾਜ ਆਪ ਜਲਨ ਲਗਾ

ਚੌਪਈ

ਇਕ ਦਿਜ ਹੁਤੋ ਸੁ ਹਰਿ ਘਰਿ ਆਯੋ। ਚਿਤ ਬਿਤ ਤੇ ਅਤਿ ਸੋਕ ਜਨਾਯੋ।
ਮੇਰੇ ਸੁਤ ਸਭ ਹੀ ਜਮ ਮਾਰੇ। ਪ੍ਰਭ ਜੂ ਯਾ ਜਗ ਜੀਯਤ ਤੁਹਾਰੇ। ੨੪੯੫।

ਸਵੈਯਾ

ਦੇਖਿ ਬ੍ਰਿਲਾਪ ਤਬੈ ਦਿਜ ਪਾਰਥ ਤਉਨ ਸਮੈ ਅਤਿ ਓਜ ਜਨਾਯੋ।
ਰਾਖਿ ਹੋ ਹਉ ਨਹਿ ਰਾਖੇ ਗਏ ਤਬ ਲਜਤ ਹ੍ਵੈ ਜਰਬੋ ਜੀਅ ਆਯੋ।

ਵਿਸ਼ਨੂ ਨੇ ਭ੍ਰਿਗੂ ਨੂੰ ਕਿਹਾ--

ਸਵੈਯਾ

ਵਿਸ਼ਨੂ ਨੇ ਪੈਰ ਦੀ ਸਟ ਨੂੰ ਸਹਿ ਲਿਆ ਅਤੇ ਹਸ ਕੇ ਬ੍ਰਾਹਮਣ ਨੂੰ ਇਸ ਤਰ੍ਹਾਂ ਕਿਹਾ। ਮੇਰੀ ਛਾਤੀ ਬਜ੍ਰ ਵਾਂਗ (ਸਖ਼ਤ) ਹੈ ਅਤੇ ਤੁਸੀਂ (ਜੋ ਪੈਰ) ਮੈਨੂੰ ਮਾਰਿਆ ਹੈ, (ਉਹ ਮੈਨੂੰ) ਲਗਣ ਨਾਲ ਦੁਖਿਆ ਹੋਵੇਗਾ। ਮੈਂ ਇਕ (ਦਾਨ) ਮੰਗਦਾ ਹਾਂ? ਜੇ ਤੁਸੀਂ ਦੇਵੋ ਤਾਂ ਮੇਰਾ ਅਪਰਾਧ ਖਿਮਾ ਕਰ ਦਿਓ। ਮੈਂ ਸੰਸਾਰ ਵਿਚ ਜਿਤਨੇ ਵੀ ਰੂਪ ਧਾਰਨ ਕਰਾਂ, (ਉਨ੍ਹਾਂ ਉਤੇ) ਤੁਹਾਡੇ ਪੈਰ ਦਾ ਚਿੰਨ੍ਹ ਸਦਾ (ਲਗਾ) ਰਹੇ।੨੪੯੧।

ਜਦ ਇਸ ਤਰ੍ਹਾਂ ਦੇ ਬੋਲ ਸ੍ਰੀ ਕ੍ਰਿਸ਼ਨ ਨੇ ਕਹੇ, ਤਾਂ ਰਿਸ਼ੀ ਨੇ (ਆਪਣੇ) ਚਿਤ ਵਿਚ ਬਹੁਤ ਸੁਖ ਪ੍ਰਾਪਤ ਕੀਤਾ। ਪ੍ਰਭੂ ਨੂੰ ਬਹੁਤ ਵਾਰ ਪ੍ਰਨਾਮ ਕਰ ਕੇ ਫਿਰ (ਉਹ ਬ੍ਰਾਹਮਣ) ਆਪਣੇ ਆਸ਼੍ਰਮ ਵਿਚ ਪਰਤ ਆਇਆ। ਸ਼ਿਵ ਦੀ, ਬ੍ਰਹਮਾ ਦੀ ਅਤੇ ਵਿਸ਼ਨੂ ਦੀ ਕਥਾ ਦਾ ਸਾਰਾ ਭੇਦ ਇਨ੍ਹਾਂ (ਰਿਸ਼ੀਆਂ) ਨੂੰ ਕਹਿ ਕੇ ਸੁਣਾਇਆ। (ਉਦੋਂ ਤੋਂ) ਸਾਰੇ (ਰਿਸ਼ੀ) ਸ੍ਰੀ ਕ੍ਰਿਸ਼ਨ ਦਾ ਜਾਪ ਜਪਣ ਲਗ ਗਏ (ਅਤੇ ਕਹਿਣ ਲਗ ਗਏ ਕਿ) ਅਸਾਂ ਨੇ ਸ੍ਰੀ ਕ੍ਰਿਸ਼ਨ (ਦੇ ਰੂਪ ਵਿਚ) ਸਹੀ ਪ੍ਰਭੂ ਨੂੰ ਪ੍ਰਾਪਤ ਕਰ ਲਿਆ ਹੈ।੨੪੯੨।

ਜਦ ਇਸ ਤਰ੍ਹਾਂ ਭ੍ਰਿਗੂ (ਬ੍ਰਾਹਮਣ) ਨੇ ਆ ਕੇ (ਇਹ) ਗੱਲ ਸੁਣਾਈ (ਤਾਂ) ਸਭ ਨੇ ਸ੍ਰੀ ਕ੍ਰਿਸ਼ਨ ਦਾ ਜਾਪ ਕਰਨਾ (ਸ਼ੁਰੂ) ਕਰ ਦਿੱਤਾ। ਹੇ (ਭਾਈ! ਵਿਸ਼ਨੂ ਹੀ) ਅਨੰਤ ਹੈ, (ਇਸੇ ਨੂੰ) ਕਰਣਾਨਿਧੀ ਕਿਹਾ ਜਾਂਦਾ ਹੈ, ਜਿਸ (ਦੇ ਭੇਦ) ਨੂੰ ਵੇਦ ਵੀ ਦਸ ਨਹੀਂ ਸਕਦੇ। ਰੁਦ੍ਰ ਕ੍ਰੋਧੀ ਹੈ ਅਤੇ ਗਲ ਵਿਚ ਰੁੰਡਾਂ (ਸਿਰਾਂ) ਦੀ ਮਾਲਾ ਪਾਈ ਬੈਠਾ ਹੈ। (ਇਸ ਤਰ੍ਹਾਂ) ਪਾਖੰਡ ਦਾ ਪ੍ਰਗਟਾਵਾ ਕਰ ਰਿਹਾ ਹੈ। ਉਸ ਨੂੰ ਨ ਜਪੋ, ਹਰਿ (ਸ੍ਰੀ ਕ੍ਰਿਸ਼ਨ) ਨੂੰ ਜਪੋ, (ਕਿਉਂਕਿ ਉਸ ਵਿਚ) ਸਹੀ ਪ੍ਰਭੂ ਨਿਸਚੇ ਕਰ ਲਿਆ ਹੈ।੨੪੯੩।

ਜਦ ਇਸ ਤਰ੍ਹਾਂ ਭ੍ਰਿਗੂ ਨੇ ਆ ਕੇ ਰਿਸ਼ੀ ਨੂੰ ਸਮਝਾਇਆ ਤਾਂ ਸਾਰੇ ਵਿਸ਼ਨੂ ਦਾ ਜਾਪ ਜਪਣ ਲਗ ਗਏ। ਜਿਵੇਂ ਜਗਤ ਵਿਚ ਭੂਤਾਂ ਅਤੇ ਪਿਸ਼ਾਚਾਂ ਨੂੰ ਮੰਨਿਆ ਜਾਂਦਾ ਹੈ, ਉਸੇ ਤਰ੍ਹਾਂ (ਜਗਤ ਵਾਲਿਆਂ ਨੇ) ਇਕ ਰੁਦ੍ਰ ਬਣਾ ਦਿੱਤਾ ਹੈ। ਬ੍ਰਹਮਾ ਕੌਣ ਹੈ? ਹੱਥ ਵਿਚ ਮਾਲਾ ਲੈ ਕੇ ਉਸ ਦਾ ਜਪ ਕੌਣ ਕਰੇ (ਕਿਉਂਕਿ) ਉਸ ਨਾਲ (ਪਰਮ-ਸੱਤਾ) ਨੂੰ ਨਹੀਂ ਪਾਇਆ ਜਾ ਸਕਦਾ। (ਇਸ ਲਈ) ਸ੍ਰੀ ਕ੍ਰਿਸ਼ਨ ਦਾ ਧਿਆਨ ਧਰੋ, (ਜਿਨ੍ਹਾਂ ਨੇ) ਉਸ ਨੂੰ ਧਾਰਨ ਕੀਤਾ ਹੈ, ਉਨ੍ਹਾਂ ਨੇ ਹੋਰ ਸਭ ਨੂੰ ਭੁਲਾ ਦਿੱਤਾ ਹੈ।੨੪੯੪।

ਇਥੇ ਦਸਮ ਸਕੰਧ ਪੁਰਾਣ, ਬਚਿਤ੍ਰ ਨਾਟਕ ਗ੍ਰੰਥ ਦੇ ਕ੍ਰਿਸਨਾਵਤਾਰ ਦੇ 'ਭ੍ਰਿਗੁਲਤਾ ਪ੍ਰਸੰਗ ਦਾ ਬਰਨਨ' ਅਧਿਆਇ ਦੀ ਸਮਾਪਤੀ।

ਹੁਣ ਬ੍ਰਾਹਮਣ ਨਿਮਿਤ ਅਰਜਨ ਦਾ ਚਿਖਾ ਬਣਾ ਕੇ ਆਪ ਸੜਨ ਲਗਣਾ

ਚੌਪਈ

ਇਕ ਬ੍ਰਾਹਮਣ ਹੁੰਦਾ ਸੀ, ਉਹ ਸ੍ਰੀ ਕਿਸ਼ਨ ਦੇ ਘਰ ਆਇਆ। ਮਾਨਸਿਕ ਅਤੇ ਆਰਥਿਕ (ਦੋਹਾਂ ਤਰ੍ਹਾਂ ਦਾ) ਦੁਖ ਪ੍ਰਗਟ ਕੀਤਾ। ਮੇਰੇ ਸਾਰੇ ਹੀ ਪੁੱਤਰ ਜਮ ਨੇ ਮਾਰ ਦਿੱਤੇ ਹਨ। ਹੇ ਨਾਥ ਜੀ! ਤੁਹਾਡੇ ਜੀਉਂਦਿਆਂ ਹੀ ਇਸ ਜਗਤ ਵਿਚ (ਇਤਨਾ ਅਨਰਥ ਹੋ ਰਿਹਾ ਹੈ)।੨੪੯੫।

ਸਵੈਯਾ

ਤਦ ਬ੍ਰਾਹਮਣ ਦਾ ਵਿਰਲਾਪ ਵੇਖ ਕੇ (ਅਰਥਾਤ ਸੁਣ ਕੇ) ਅਰਜਨ ਨੇ ਉਸ ਵੇਲੇ (ਆਪਣਾ) ਬਹੁਤ ਤੇਜ ਜਣਾਇਆ। (ਹੁਣ ਮੈਂ ਤੇਰੇ ਪੁੱਤਰ ਦੀ) ਰਖਿਆ ਕਰਾਂਗਾ, (ਪਰ

ਸ੍ਰੀ ਬ੍ਰਿਜਨਾਥ ਤਬੈ ਤਿਹ ਪੈ ਚਲਿ ਆਵਤ ਭਯੋ ਹਠ ਤੇ ਸਮਝਾਯੋ।
ਤਾਹੀ ਕਉ ਲੈ ਸੰਗਿ ਆਪਿ ਅਰੂੜਤ ਹ੍ਵੈ ਰਥ ਪੈ ਤਿਨ ਓਰਿ ਸਿਧਾਯੋ। ੨੪੬੬।

ਗਯੋ ਹਰਿ ਜੀ ਚਲ ਕੈ ਤਿਹ ਠਾ ਅੰਧਿਆਰ ਘਨੋ ਜਿਹ ਦ੍ਰਿਸਟਿ ਨ ਆਵੈ।
ਦ੍ਵਾਦਸ ਸੂਰ ਚੜੈ ਤਿਹ ਠਾ ਤੁ ਸਭੈ ਤਿਨ ਕੀ ਗਤਿ ਹ੍ਵੈ ਤਮ ਜਾਵੈ।
ਪਾਰਥ ਤਾਹੀ ਚੜਿਯੋ ਰਥ ਪੈ ਡਰਪਾਤਿ ਭਯੋ ਪ੍ਰਭ ਯੌ ਸਮਝਾਵੈ।
ਚਿੰਤ ਕਰੋ ਨ ਸੁਦਰਸਨਿ ਚਕ੍ਰ ਦਿਪੈ ਜਦ ਹੀ ਹਰਿ ਮਾਰਗੁ ਪਾਵੈ। ੨੪੬੭।

ਚੌਪਈ

ਜਹਾ ਸੇਖਸਾਈ ਥੋ ਸੋਯੋ। ਅਹਿ ਆਸਨ ਪਰ ਸਭ ਦੁਖੁ ਖੋਯੋ।
ਜਗਯੋ ਸ੍ਯਾਮ ਜਬ ਹੀ ਦਰਸਾਯੋ। ਅਪਨੇ ਮਨ ਅਤਿ ਹੀ ਸੁਖੁ ਪਾਯੋ। ੨੪੬੮।

ਕਿਹ ਕਾਰਨ ਇਹ ਠਾ ਹਰਿ ਆਏ। ਹਮ ਜਾਨਤ ਹਮ ਅਬ ਸੁਖ ਪਾਏ।
ਜਾਨਤ ਦਿਜ ਬਾਲਕ ਅਬ ਲੀਜੈ। ਏਕ ਘਰੀ ਇਹ ਠਾ ਸੁਖ ਦੀਜੈ। ੨੪੬੯।

ਚੌਪਈ

ਜਬਿ ਹਰਿ ਕਰਿ ਦਿਜ ਬਾਲਕ ਆਏ। ਤਬ ਤਿਹ ਕਉ ਏ ਬਚਨ ਸੁਨਾਏ।
ਜਾਤ ਜਾਇ ਦਿਜ ਬਾਲਕ ਦੈ ਹੋ। ਬਡੋ ਸੁ ਜਸੁ ਜਗ ਭੀਤਰ ਲੈ ਹੋ। ੨੪੭੦।

ਤਬ ਹਰਿ ਨਗਰ ਦੁਆਰਿਕਾ ਆਯੋ। ਦਿਜ ਬਾਲਕ ਦੈ ਅਤਿ ਸੁਖ ਪਾਯੋ।
ਜਰਤ ਅਗਨਿ ਤੇ ਸੰਤ ਬਚਾਏ। ਇਉ ਪ੍ਰਭ ਜੂ ਸਭ ਸੰਤਨ ਗਾਏ। ੨੪੭੧।

ਇਤਿ ਸ੍ਰੀ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ ਦਿਜ ਕੋ ਜਮਲੋਕ ਤੇ ਸਾਤ ਪੁਤ੍ਰ ਲਯਾਇ ਦੇਤ ਭਏ ਧਯਾਇ ਸਮਾਪਤੰ।

ਅਥ ਕਾਨ੍ਹ ਜੂ ਜਲ ਬਿਹਾਰ ਤ੍ਰੀਅਨ ਸੰਗ

ਸਵੈਯਾ

ਕੰਚਨ ਕੀ ਜਹਿ ਦੁਆਰਵਤੀ ਤਿਹ ਠਾ ਜਬ ਹੀ ਬ੍ਰਿਜ ਭੂਖਨ ਆਯੋ।
ਲਾਲ ਲਗੇ ਜਿਹ ਠਾ ਮਨੋ ਬਜ੍ਰ ਭਲੇ ਬ੍ਰਿਜ ਨਾਇਕ ਬ੍ਯੋਤ ਬਨਾਯੋ।
ਤਾਲ ਕੇ ਬੀਚ ਤਰੈ ਜਦੁ ਨੰਦਨ ਸੋਕ ਸਬੈ ਚਿਤ ਕੋ ਬਿਸਰਾਯੋ।
ਲੈ ਤ੍ਰੀਯਾ ਬਾਲਕ ਦੈ ਦਿਜ ਕਉ ਜਬ ਸ੍ਰੀ ਬ੍ਰਿਜਨਾਥ ਬਡੋ ਜਸੁ ਪਾਯੋ। ੨੪੭੨।

ਤ੍ਰੀਅਨ ਸੈ ਜਲ ਮੈ ਬ੍ਰਿਜ ਨਾਇਕ ਸ੍ਯਾਮ ਭਨੈ ਰੁਚਿ ਸਿਉ ਲਪਟਾਏ।
ਪ੍ਰੇਮ ਬਢਿਯੋ ਉਨ ਕੇ ਅਤਿ ਹੀ ਪ੍ਰਭ ਕੇ ਲਗੀ ਅੰਗਿ ਅਨੰਗ ਬਢਾਏ।

ਮੋਇਆ ਹੋਇਆ ਹੀ ਪੈਦਾ ਹੋਣ ਕਾਰਨ ਅਰਜਨ ਬੱਚੇ ਦੀ) ਰਖਿਆ ਨ ਕਰ ਸਕਿਆ। ਤਦ ਲਜਿਤ ਹੋ ਕੇ (ਉਸ ਦਾ) ਮਨ ਸੜਨ (ਮਰਨ) ਤੇ ਆ ਗਿਆ। ਉਦੋਂ ਸ੍ਰੀ ਕ੍ਰਿਸ਼ਨ ਚਲ ਕੇ ਉਸ ਕੋਲ ਆ ਗਏ ਅਤੇ (ਅਰਜਨ ਨੂੰ) ਹਠ (ਨੂੰ ਛਡਣ) ਲਈ ਸਮਝਾਇਆ। ਉਸ ਨੂੰ ਨਾਲ ਲੈ ਕੇ ਰਥ ਉਤੇ ਸਵਾਰ ਹੋ ਕੇ ਉਨ੍ਹਾਂ (ਬਾਲਕਾਂ) ਵਲ ਚਲ ਪਏ।੨੪੬੬।

ਸ੍ਰੀ ਕ੍ਰਿਸ਼ਨ ਚਲ ਕੇ ਉਸ ਸਥਾਨ ਤੇ ਪਹੁੰਚੇ ਜਿਥੇ ਬਹੁਤ ਹਨੇਰਾ ਸੀ ਅਤੇ (ਕੁਝ ਵੀ) ਨਜ਼ਰ ਨਹੀਂ ਸੀ ਆਉਂਦਾ। ਉਸ ਥਾਂ ਉਤੇ ਬਾਰ੍ਹਾਂ ਸੂਰਜ ਚੜ੍ਹੇ ਹਨ, ਪਰ ਉਨ੍ਹਾਂ ਦੀ ਗਤਿ (ਰੌਸ਼ਨੀ) ਹਨੇਰਾ ਹੀ ਬਣ ਜਾਂਦੀ ਹੈ। ਅਰਜਨ ਵੀ ਉਸੇ ਰਥ ਉਤੇ ਚੜ੍ਹਿਆ ਸੀ ਅਤੇ ਡਰਦਾ ਸੀ। ਸ੍ਰੀ ਕ੍ਰਿਸ਼ਨ ਨੇ (ਉਸ ਨੂੰ) ਇਸ ਤਰ੍ਹਾਂ ਸਮਝਾਇਆ। (ਹੇ ਅਰਜਨ!) ਚਿੰਤਾ ਨ ਕਰ, ਸੁਦਰਸ਼ਨ ਚੱਕਰ ਜਦ ਪ੍ਰਕਾਸ਼ਿਤ ਹੁੰਦਾ ਹੈ, ਤਾਂ ਸ੍ਰੀ ਕ੍ਰਿਸ਼ਨ ਮਾਰਗ ਲਭ ਲੈਂਦਾ ਹੈ।੨੪੬੭।

ਚੌਪਈ

ਜਿਥੇ 'ਸ਼ੇਸ਼ਸਈ' ਸੇਸ਼ਨਾਗ ਦੀ ਸੇਜ ਉਤੇ ਸਾਰੇ ਦੁਖ ਦੂਰ ਕਰ ਕੇ ਸੁਤੇ ਹੋਏ ਸਨ। (ਜਗਤ ਤੋਂ ਗਏ) ਸ੍ਰੀ ਕ੍ਰਿਸ਼ਨ ਨੂੰ ਜਿਸ ਵੇਲੇ (ਸ਼ੇਸ਼ਸਈ ਨੇ) ਜਾਗ ਕੇ ਵੇਖਿਆ, ਤਾਂ ਮਨ ਵਿਚ ਬਹੁਤ ਸੁਖ ਪਾਇਆ।੨੪੬੮।

ਹੇ ਕ੍ਰਿਸ਼ਨ! ਤੁਸੀਂ ਇਸ ਸਥਾਨ ਉਤੇ ਕਿਸ ਕਰ ਕੇ ਆਏ ਹੋ। ਅਸੀਂ ਜਾਣਦੇ ਹਾਂ, ਅਸੀਂ ਹੁਣ ਸੁਖ ਪ੍ਰਾਪਤ ਕੀਤਾ ਹੈ। ਜਾਣਦੇ ਹਾਂ, ਹੁਣ ਬ੍ਰਾਹਮਣ ਬਾਲਕ ਲੈ ਜਾਓ। ਇਕ ਘੜੀ ਇਸ ਥਾਂ (ਤੇ ਬੈਠ ਕੇ) ਸੁਖ ਦਿਓ।੨੪੬੯।

ਜਦ ਸ੍ਰੀ ਕ੍ਰਿਸ਼ਨ ਦੇ ਹੱਥ ਵਿਚ ਬ੍ਰਾਹਮਣ ਦੇ ਬਾਲਕ ਆ ਗਏ। ਤਦ ਉਨ੍ਹਾਂ ਨੇ ਇਹ ਬੋਲ (ਕਹਿ ਕੇ) ਸੁਣਾਏ। ਜਾਓ ਅਤੇ ਜਾਂਦਿਆਂ ਹੀ ਬ੍ਰਾਹਮਣ ਨੂੰ ਬਾਲਕ ਦੇ ਦਿਓ ਅਤੇ ਜਗਤ ਵਿਚ ਬਹੁਤ ਯਸ਼ ਖਟੋ।੨੪੭੦।

ਤਦ ਸ੍ਰੀ ਕ੍ਰਿਸ਼ਨ ਦੁਆਰਿਕਾ ਨਗਰ ਵਿਚ ਆ ਗਏ। ਬ੍ਰਾਹਮਣ ਨੂੰ ਬਾਲਕ ਦੇ ਕੇ ਬਹੁਤ ਸੁਖ ਪ੍ਰਾਪਤ ਕੀਤਾ। ਅਗਨੀ ਵਿਚ ਸੜਨ ਤੋਂ (ਆਪਣੇ) ਸੰਤ (ਭਗਤ, ਅਰਥਾਤ ਅਰਜਨ) ਨੂੰ ਬਚਾਇਆ। ਇਸ ਤਰ੍ਹਾਂ ਸਾਰੇ ਸੰਤਾਂ ਨੇ ਕ੍ਰਿਸ਼ਨ ਜੀ ਦਾ ਗੁਣਗਾਨ ਕੀਤਾ।੨੪੭੧।

ਇਥੇ ਸ੍ਰੀ ਬਚਿਤ੍ਰ ਨਾਟਕ ਗ੍ਰੰਥ ਦੇ ਕ੍ਰਿਸ਼ਨਾਵਤਾਰ ਦੇ ਬ੍ਰਾਹਮਣ ਨੂੰ ਯਮਲੋਕ ਤੋਂ ਸੱਤ ਪੁੱਤਰ ਲਿਆ ਦਿੱਤੇ, ਅਧਿਆਇ ਦੀ ਸਮਾਪਤੀ।

ਹੁਣ ਕ੍ਰਿਸ਼ਨ ਜੀ ਦਾ ਇਸਤਰੀਆਂ ਨਾਲ ਜਲ-ਵਿਹਾਰ ਦਾ ਕਥਨ

ਸਵੈਯਾ

ਜਿਥੇ ਸੋਨੇ ਦੀ (ਨਗਰੀ) ਦੁਆਰਿਕਾ ਸੀ, ਉਥੇ ਜਦੋਂ ਸ੍ਰੀ ਕ੍ਰਿਸ਼ਨ ਆ ਗਏ। ਜਿਸ ਥਾਂ ਉਤੇ ਲਾਲ ਲਗੇ ਹੋਏ ਸਨ, ਮਾਨੋ ਸ੍ਰੀ ਕ੍ਰਿਸ਼ਨ ਨੇ ਬੜੀ ਚੰਗੀ ਵਿਉਂਤ ਨਾਲ ਲਾਲ ਜੜ੍ਹੇ ਹਨ। ਸ੍ਰੀ ਕ੍ਰਿਸ਼ਨ ਸਰੋਵਰ ਵਿਚ ਤਰ ਰਹੇ ਹਨ ਅਤੇ ਚਿਤ ਦੇ ਸਾਰੇ ਗ਼ਮ ਭੁਲਾ ਦਿੱਤੇ ਹਨ। ਜਦ ਬ੍ਰਾਹਮਣ ਦੀ ਇਸਤਰੀ ਨੂੰ ਬਾਲਕ ਲਿਆ ਦੇ ਦਿੱਤੇ (ਤਦ) ਸ੍ਰੀ ਕ੍ਰਿਸ਼ਨ ਨੇ ਜਗਤ ਵਿਚ ਬਹੁਤ ਯਸ਼ ਪ੍ਰਾਪਤ ਕੀਤਾ।੨੪੭੨।

(ਕਵੀ) ਸ਼ਿਆਮ ਕਹਿੰਦੇ ਹਨ, ਸ੍ਰੀ ਕ੍ਰਿਸ਼ਨ ਜਲ ਵਿਚ ਰੁਚੀ ਪੂਰਵਕ ਇਸਤਰੀਆਂ ਨਾਲ ਲਿਪਟ ਜਾਂਦੇ ਹਨ। (ਉਨ੍ਹਾਂ (ਇਸਤਰੀਆਂ) ਦੇ ਮਨ ਵਿਚ ਪ੍ਰੇਮ ਬਹੁਤ ਵਧ ਗਿਆ

ਪ੍ਰੇਮ ਸੋ ਏਕ ਹੀ ਹੁਇ ਗਈ ਸੁੰਦਰਿ ਰੂਪ ਨਿਹਾਰਿ ਰਹੀ ਉਰਝਾਏ।
ਪਾਸ ਹੀ ਸ੍ਯਾਮ ਜੂ ਰੂਪ ਰਚੀ ਤ੍ਰੀਆ ਹੇਰਿ ਰਹੀ ਹਰਿ ਹਾਥਿ ਨ ਆਏ। ੨੪੭੩।

ਰੂਪ ਰਚੀ ਸਭ ਸੁੰਦਰਿ ਸ੍ਯਾਮ ਕੇ ਸ੍ਯਾਮ ਭਨੈ ਦਸ ਹੂ ਦਿਸ ਦਉਰੈ।
ਕੁੰਕਮ ਬੇਦੁ ਲਿਲਾਟ ਦੀਏ ਸੁ ਦੀਏ ਤਿਨ ਊਪਰ ਚੰਦਨ ਖਉਰੈ।
ਮੈਨ ਕੇ ਬਸਿ ਭਈ ਸਭ ਭਾਮਿਨ ਧਾਈ ਫਿਰੈ ਫੁਨਿ ਧਾਮਨ ਅਉਰੈ।
ਐਸੇ ਰਟੈ ਮੁਖ ਤੇ ਹਮ ਕਉ ਤਜਿ ਹੋ ਬ੍ਰਿਜਨਾਥ ਗਯੋ ਕਿਹ ਠਉਰੈ। ੨੪੭੪।

ਢੂੰਢਤ ਏਕ ਫਿਰੈ ਹਰਿ ਸੁੰਦਰਿ ਚਿਤ ਬਿਖੈ ਸਭ ਭਰਮ ਬਢਾਈ।
ਬੇਖ ਅਨੂਪ ਸਜੇ ਤਨ ਪੈ ਤਿਨ ਬੇਖਨ ਕੋ ਬਰਨਿਓ ਨਹੀ ਜਾਈ।
ਸੰਕ ਕਰੈ ਨ ਰਰੈ ਹਰਿ ਹੀ ਹਰਿ ਲਾਜਹਿ ਬੇਚਿ ਮਨੋ ਤਿਨ ਖਾਈ।
ਐਸੇ ਕਹੈ ਤਜਿ ਗਯੋ ਕਿਹ ਠਾ ਤਿਹ ਹੋ ਬ੍ਰਿਜ ਨਾਇਕ ਦੇਹੁ ਦਿਖਾਈ। ੨੪੭੫।

ਦੋਹਰਾ

ਬਹੁਤੁ ਕਾਲ ਮੁਛਿਤ ਭਈ ਖੇਲਤ ਹਰਿ ਕੇ ਸਾਥ।
ਮੁਛਿਤ ਹ੍ਵੈ ਤਿਨ ਯੌ ਲਖਿਯੋ ਹਰਿ ਆਏ ਅਬ ਹਾਥਿ। ੨੪੭੬।

ਹਰਿ ਜਨ ਹਰਿ ਸੰਗ ਮਿਲਤ ਹੈ ਸੁਨਤ ਪ੍ਰੇਮ ਕੀ ਗਾਥ।
ਜਿਉ ਡਾਰਿਓ ਮਿਲਿ ਜਾਤ ਹੈ ਨੀਰ ਨੀਰ ਕੇ ਸਾਥ। ੨੪੭੭।

ਚੌਪਈ

ਜਲ ਤੇ ਤਬ ਹਰਿ ਬਾਹਰਿ ਆਏ। ਅੰਗਹਿ ਸੁੰਦਰ ਬਸਤ੍ਰ ਬਨਾਏ।
ਕਾ ਉਪਮਾ ਤਿਹ ਕੀ ਕਬਿ ਕਹੈ। ਪੇਖਤ ਮੈਨ ਰੀਝ ਕੈ ਰਹੈ। ੨੪੭੮।

ਬਸਤ੍ਰ ਤ੍ਰੀਅਨ ਹੂ ਸੁੰਦਰ ਧਰੇ। ਦਾਨ ਬਹੁਤ ਬਿਪ੍ਰਨ ਕਉ ਕਰੇ।
ਜਿਹ ਤਿਹ ਠਾ ਹਰਿ ਕੋ ਗੁਨ ਗਾਯੋ। ਤਿਹ ਦਾਰਿਦ ਧਨ ਦੇਇ ਗਵਾਯੋ। ੨੪੭੯।

੧. ਇਸ ਦੀ ਥਾਂ ਕਈਆਂ ਬੀੜਾਂ ਵਿਚ 'ਉਸਤਤਿ ਹਰਿ ਕੀ' ਲਿਖੀ ਹੈ

ਹੈ। (ਜੋ) ਸ੍ਰੀ ਕ੍ਰਿਸ਼ਨ ਦੇ ਸ਼ਰੀਰ ਨਾਲ ਲਗੀਆਂ ਹਨ, (ਉਨ੍ਹਾਂ ਦੇ ਮਨ ਵਿਚ) ਕਾਮ ਭਾਵ ਵਿਕਸਿਤ ਹੋ ਗਿਆ ਹੈ। (ਉਹ) ਪ੍ਰੇਮ ਨਾਲ ਇਕਮਿਕ ਹੋ ਗਈਆਂ ਹਨ। (ਸ੍ਰੀ ਕ੍ਰਿਸ਼ਨ ਦੇ) ਸੁੰਦਰ ਰੂਪ ਨੂੰ ਵੇਖ ਕੇ ਉਸ ਵਿਚ ਉਲਝ ਗਈਆਂ ਹਨ। ਕ੍ਰਿਸ਼ਨ ਜੀ ਕੋਲ ਹੀ ਹਨ, (ਪਰ ਉਨ੍ਹਾਂ ਦੇ) ਰੂਪ ਵਿਚ ਗਰਕ ਹੋਈਆਂ ਇਸਤਰੀਆਂ, (ਭਾਵੇਂ ਉਨ੍ਹਾਂ ਨੂੰ) ਵੇਖ ਰਹੀਆਂ ਹਨ, (ਪਰੰਤੂ) ਸ੍ਰੀ ਕ੍ਰਿਸ਼ਨ ਪਕੜਾਈ ਨਹੀਂ ਦੇ ਰਹੇ।੨੪੭੩।

(ਕਵੀ) ਸ਼ਿਆਮ ਕਹਿੰਦੇ ਹਨ, ਸੁੰਦਰ ਸ੍ਰੀ ਕ੍ਰਿਸ਼ਨ ਦੇ ਰੂਪ ਵਿਚ ਮਗਨ ਹੋਈਆਂ ਸਾਰੀਆਂ (ਇਸਤਰੀਆਂ) ਦਸਾਂ ਦਿਸ਼ਾਵਾਂ ਵਿਚ ਦੌੜੀਆਂ ਫਿਰਦੀਆਂ ਹਨ। (ਉਨ੍ਹਾਂ ਨੇ) ਕੇਸਰ ਦੇ ਚੌਕ ਮੱਥੇ ਉਤੇ ਬਣਾਏ ਹੋਏ ਹਨ ਅਤੇ ਉਨ੍ਹਾਂ ਉਤੇ ਚੰਦਨ ਦੀਆਂ ਲਕੀਰਾਂ ਖਿਚੀਆਂ ਹੋਈਆਂ ਹਨ। ਸਾਰੀਆਂ ਇਸਤੀਆਂ ਕਾਮ ਦੇ ਵਸ ਹੋ ਗਈਆਂ ਹਨ ਅਤੇ ਫਿਰ ਘਰ ਵਲ ਨੂੰ ਭਜੀਆਂ ਫਿਰਦੀਆਂ ਹਨ। ਮੁਖ ਤੋਂ ਇਸ ਤਰ੍ਹਾਂ ਕਹਿੰਦੀਆਂ ਹਨ--ਹੇ ਸ੍ਰੀ ਕ੍ਰਿਸ਼ਨ! (ਤੂੰ) ਸਾਨੂੰ ਛਡ ਕੇ ਕਿਹੜੀ ਥਾਂ ਤੇ ਚਲਾ ਗਿਆ ਹੈਂ।੨੪੭੪।

(ਕਈ) ਇਕ ਸੁੰਦਰੀਆਂ (ਸ੍ਰੀ ਕ੍ਰਿਸ਼ਨ ਨੂੰ) ਲਭਦੀਆਂ ਫਿਰਦੀਆਂ ਹਨ। (ਉਨ੍ਹਾਂ) ਸਾਰੀਆਂ ਦੇ ਚਿਤ ਵਿਚ ਭਰਮ ਵਧਿਆ ਹੋਇਆ ਹੈ। ਉਨ੍ਹਾਂ ਦੇ ਸ਼ਰੀਰਾਂ ਉਤੇ ਅਨੂਪਮ ਵੇਸ ਸਜੇ ਹੋਏ ਹਨ। (ਉਨ੍ਹਾਂ) ਵੇਸਾਂ ਦਾ ਵਰਣਨ ਨਹੀਂ ਕੀਤਾ ਜਾ ਸਕਦਾ। (ਕਿਸੇ ਤੋਂ) ਸੰਗ ਸੰਕੋਚ ਨਹੀਂ ਕਰਦੀਆਂ, ਕ੍ਰਿਸ਼ਨ ਹੀ ਕ੍ਰਿਸ਼ਨ ਕਹਿੰਦੀਆਂ ਹਨ। (ਇੰਜ ਪ੍ਰਤੀਤ ਹੁੰਦਾ ਹੈ) ਮਾਨੋ ਉਨ੍ਹਾਂ ਨੇ ਸ਼ਰਮ ਨੂੰ ਵੇਚ ਖਾਇਆ ਹੋਵੇ। ਇਸ ਤਰ੍ਹਾਂ ਕਹਿੰਦੀਆਂ ਹਨ--ਹੇ ਸ੍ਰੀ ਕ੍ਰਿਸ਼ਨ! (ਸਾਨੂੰ) ਕਿਸ ਥਾਂ ਉਤੇ ਛਡ ਗਿਆ ਹੈਂ; ਆ ਕੇ ਦੀਦਾਰ ਦੇ।੨੪੭੫।

ਦੋਹਰਾ

ਸ੍ਰੀ ਕ੍ਰਿਸ਼ਨ ਨਾਲ ਬਹੁਤ ਸਮਾਂ ਖੇਡਣ ਕਰ ਕੇ ਬੇਸੁਧ ਹੋ ਗਈਆਂ ਹਨ। ਬੇਹੋਸ਼ੀ ਦੀ ਹਾਲਤ ਵਿਚ ਉਨ੍ਹਾਂ ਨੇ ਇਹ ਸਮਝਿਆ ਕਿ ਹੁਣ ਸ੍ਰੀ ਕ੍ਰਿਸ਼ਨ ਹੱਥ ਆ ਗਏ ਹਨ।੨੪੭੬।

ਪ੍ਰੇਮ ਦੀ ਕਥਾ ਸੁਣਦਿਆਂ ਸੁਣਦਿਆਂ ਹਰਿ-ਜਨ (ਭਗਤ) ਹਰਿ ਨਾਲ (ਇੰਜ) ਮਿਲ ਜਾਂਦੇ ਹਨ, ਜਿਵੇਂ ਸੁਟਿਆ ਅਥਵਾ ਰੋੜ੍ਹਿਆ ਹੋਇਆ ਪਾਣੀ ਪਾਣੀ ਨਾਲ ਮਿਲ ਜਾਂਦਾ ਹੈ।੨੪੭੭।

ਚੌਪਈ

ਤਦ ਸ੍ਰੀ ਕ੍ਰਿਸ਼ਨ ਜਲ ਤੋਂ ਬਾਹਰ ਆ ਗਏ। ਸ਼ਰੀਰ ਉਤੇ ਸੁੰਦਰ ਬਸਤ੍ਰ ਸਜਾ ਲਏ। ਕਵੀ ਉਸ ਦੀ ਕੀ ਉਪਮਾ ਕਹੇ। (ਜਿਨ੍ਹਾਂ ਨੂੰ) ਵੇਖ ਕੇ ਕਾਮ ਦੇਵ ਵੀ ਮੋਹਿਤ ਹੋ ਜਾਂਦਾ ਹੈ।੨੪੭੮।

ਇਸਤਰੀਆਂ ਨੇ ਵੀ ਸੁੰਦਰ ਬਸਤ੍ਰ ਪਾ ਲਏ। ਬ੍ਰਾਹਮਣਾਂ ਨੂੰ ਬਹੁਤ ਦਾਨ ਕੀਤਾ। ਜਿਨ੍ਹਾਂ ਨੇ ਉਸ ਥਾਂ ਤੇ ਸ੍ਰੀ ਕ੍ਰਿਸ਼ਨ ਦਾ ਗੁਣ ਗਾਨ ਕੀਤਾ ਹੈ, ਧਨ ਦੇ ਕੇ ਉਨ੍ਹਾਂ ਦੀ ਗ਼ਰੀਬੀ ਕਟ ਦਿੱਤੀ ਹੈ। ੨੪੭੯।

ਅਥ ਪ੍ਰੇਮ ਕਥਾ ਕਥਨੰ[1]

ਕਬਿਯੋ ਬਾਚ

ਚੌਪਈ

ਹਰਿ ਕੇ ਸੰਤ ਕਬਢੀ ਸੁਨਾਊ। ਤਾ ਤੇ ਪ੍ਰਭ ਲੋਗਨ ਰਿਝਵਾਊ।
ਜੋ ਇਹ ਕਥਾ ਤਨਕ ਸੁਨਿ ਪਾਵੈ। ਤਾ ਕੋ ਦੋਖ ਦੂਰ ਹੋਇ ਜਾਵੈ। ੨੪੯੦।

ਸਵੈਯਾ

ਜੈਸੇ ਤ੍ਰਿਨਾਵ੍ਰਤ ਅਉ ਅਘ ਕੋ ਸੁ ਬਕਾਸੁਰ ਕੋ ਬਧ ਜਾ ਮੁਖ ਫਾਰਿਓ।
ਖੰਡ ਕੀਓ ਸਕਟਾਸੁਰ ਕੋ ਗਹਿ ਕੇਸਨ ਤੇ ਜਿਹ ਕੰਸ ਪਛਾਰਿਓ।
ਸੰਧਿ ਜਰਾ ਹੂ ਕੋ ਸੈਨ ਮਥਿਓ ਅਰੁ ਸਤ੍ਰੁਨ ਕੋ ਜਿਹ ਮਾਨਹਿ ਟਾਰਿਓ।
ਤਿਉ ਬ੍ਰਿਜ ਨਾਇਕ ਸਾਧਨ ਕੇ ਪੁਨਿ ਚਾਹਤ ਹੈ ਸਭ ਪਾਪਨ ਟਾਰਿਓ। ੨੪੯੧।

ਜੋ ਬ੍ਰਿਜ ਨਾਇਕ ਕੇ ਰੁਚ ਸੋ ਕਬਿ ਸ੍ਯਾਮ ਭਨੈ ਫੁਨਿ ਗੀਤਨ ਗੈ ਹੈ।
ਚਾਤੁਰਤਾ ਸੰਗ ਜੋ ਹਰਿ ਕੋ ਜਸੁ ਬੀਚ ਕਬਿਤਨ ਕੇ ਸੁ ਬਨੈ ਹੈ।
ਅਉਰਨ ਤੇ ਸੁਨਿ ਜੋ ਚਰਚਾ ਹਰਿ ਕੀ ਹਰਿ ਕੋ ਮਨ ਭੀਤਰ ਦੈ ਹੈ।
ਸੋ ਕਬਿ ਸ੍ਯਾਮ ਭਨੈ ਧਰਿ ਕੈ ਤਨ ਯਾ ਭਵ ਭੀਤਰ ਫੇਰਿ ਨ ਐ ਹੈ। ੨੪੯੨।

ਜੋ ਉਪਮਾ ਬ੍ਰਿਜਨਾਥ ਕੀ ਗਾਇ ਹੈ ਅਉਰ ਕਬਿਤਨ ਬੀਚ ਕਰੈਗੇ।
ਪਾਪਨ ਕੀ ਤੇਊ ਪਾਵਕ ਮੈ ਕਬਿ ਸ੍ਯਾਮ ਭਨੈ ਕਬਹੂੰ ਨ ਜਰੈਗੇ।
ਚਿੰਤ ਸਭੈ ਮਿਟ ਹੈ ਜੁ ਰਹੀ ਛਿਨ ਮੈ ਤਿਨ ਕੇ ਅਘ ਬ੍ਰਿੰਦ ਟਰੈਗੇ।
ਜੇ ਨਰ ਸ੍ਯਾਮ ਜੂ ਜੇ ਪਰਸੇ ਪਗ ਤੇ ਨਰ ਫੇਰਿ ਨ ਦੇਹ ਧਰੈਗੇ। ੨੪੯੩।

ਜੋ ਬ੍ਰਿਜ ਨਾਇਕ ਕੋ ਰੁਚਿ ਸੋ ਕਬਿ ਸ੍ਯਾਮ ਭਨੈ ਫੁਨਿ ਜਾਪੁ ਜਪੈ ਹੈ।
ਜੋ ਤਿਹ ਕੇ ਹਿਤ ਕੈ ਮਨ ਮੈ ਬਹੁ ਮੰਗਨ ਲੋਗਨ ਕਉ ਧਨ ਦੈ ਹੈ।
ਜੋ ਤਜਿ ਕਾਜ ਸਭੈ ਘਰ ਕੇ ਤਿਹ ਪਾਇਨ ਕੇ ਚਿਤ ਭੀਤਰ ਦੈ ਹੈ।
ਭੀਤਰ ਤੇ ਅਬ ਯਾ ਜਗ ਕੇ ਅਘ ਬ੍ਰਿੰਦਨ ਬੀਰ ਬਿਦਾ ਕਰਿ ਜੈ ਹੈ। ੨੪੯੪।

ਪ੍ਰੇਮ ਕੀਓ ਨ ਕੀਓ ਬਹੁਤੋ ਤਪ ਕਸਟ ਸਹਿਓ ਤਨ ਕੋ ਅਤਿ ਤਾਯੋ।
ਕਾਸੀ ਮੈ ਜਾਇ ਪੜਿਓ ਅਤਿ ਹੀ ਬਹੁ ਬੇਦਨ ਕੋ ਕਰਿ ਸਾਰ ਨ ਆਯੋ।
ਦਾਨ ਦੀਏ ਬਸਿ ਹ੍ਵੈ ਗਯੋ ਸ੍ਯਾਮ ਸਭੈ ਅਪਨੋ ਤਿਨ ਦਰਬ ਗਵਾਯੋ।
ਅੰਤ੍ਰਿ ਕੀ ਰੁਚਿ ਕੈ ਹਰਿ ਸਿਉ ਜਿਹ ਹੇਤ ਸੋ ਕੀਓ ਤਿਨ ਹੂ ਹਰਿ ਪਾਯੋ। ੨੪੯੫।

ਕਾ ਭਯੋ ਜੋ ਬਕ ਲੋਚਨ ਮੂੰਦ ਕੈ ਬੈਠਿ ਰਹਿਓ ਜਗ ਭੇਖ ਦਿਖਾਏ।
ਮੀਨ ਫਿਰਿਓ ਜਲ ਨ੍ਹਾਤ ਸਦਾ ਤੁ ਕਹਾ ਤਿਹ ਕੇ ਕਰਿ ਮੋ ਹਰਿ ਆਏ।

ਹੁਣ ਪ੍ਰੇਮ ਕਥਾ ਦਾ ਕਥਨ

ਕਵੀ ਨੇ ਕਿਹਾ--

ਚੌਪਈ

ਹਰਿ ਦੇ ਸੰਤਾਂ ਨੇ ਕਬਿੱਤ ('ਕਬਢੀ') ਸੁਣਾਉਂਦਾ ਹਾਂ। ਉਸ ਕਰ ਕੇ ਪ੍ਰਭੂ ਦੇ ਲੋਕਾਂ (ਭਗਤਾਂ) ਨੂੰ ਪ੍ਰਸੰਨ ਕਰਦਾ ਹਾਂ। ਜੋ (ਵਿਅਕਤੀ) ਇਸ ਕਥਾ ਨੂੰ ਥੋੜਾ ਜਿੰਨਾ ਵੀ ਸੁਣ ਲਵੇਗਾ, ਉਸ ਦਾ ਦੁਖ ਦੂਰ ਹੋ ਜਾਏਗਾ।੨੪੯੦।

ਸਵੈਯਾ

ਜਿਸ ਤਰ੍ਹਾਂ ਤ੍ਰਿਣਾਵਰਤ ਅਤੇ ਅਘ (ਦੈਂਤ) ਨੂੰ ਮਾਰਿਆ ਸੀ ਅਤੇ ਬਕਾਸੁਰ ਦਾ ਮੂੰਹ ਫਾੜ ਦਿੱਤਾ ਸੀ। ਜਿਸ ਨੇ ਸਕਟਾਸੁਰ (ਦੈਂਤ) ਨੂੰ ਪਕੜ ਕੇ ਟੋਟੇ ਟੋਟੇ ਕਰ ਦਿੱਤਾ ਸੀ ਅਤੇ ਕੰਸ ਨੂੰ ਕੇਸਾਂ ਤੋਂ ਪਕੜ ਕੇ ਪਛਾੜ ਦਿੱਤਾ ਸੀ। ਜਿਸ ਨੇ ਜਰਾਸੰਧ ਦੀ ਸੈਨਾ ਨੂੰ ਮਸਲ ਦਿੱਤਾ ਸੀ ਅਤੇ ਵੈਰੀਆਂ ਦਾ ਹੰਕਾਰ ਨਸ਼ਟ ਕਰ ਦਿੱਤਾ ਸੀ। ਉਸੇ ਤਰ੍ਹਾਂ ਫਿਰ ਸ੍ਰੀ ਕ੍ਰਿਸ਼ਨ ਸੰਤਾਂ (ਭਗਤਾਂ) ਦੇ ਸਾਰਿਆਂ ਪਾਪਾਂ ਨੂੰ ਖ਼ਤਮ ਕਰ ਦੇਣਾ ਚਾਹੁੰਦੇ ਹਨ।੨੪੯੧।

ਕਵੀ ਸ਼ਿਆਮ ਕਹਿੰਦੇ ਹਨ, ਜੋ (ਸਾਧਕ) ਪ੍ਰੇਮ ਪੂਰਵਕ ਸ੍ਰੀ ਕ੍ਰਿਸ਼ਨ ਦੇ ਗੀਤਾਂ ਦਾ ਗਾਇਨ ਕਰਦਾ ਹੈ। ਜੋ (ਕਵੀ) ਸਿਆਣਪ ਨਾਲ ਸ੍ਰੀ ਕ੍ਰਿਸ਼ਨ ਦੇ ਯਸ਼ ਨੂੰ ਕਵਿਤਾ ਵਿਚ ਬੰਨ੍ਹਦਾ ਹੈ। ਜੋ (ਵਿਅਕਤੀ) ਹੋਰਨਾਂ ਤੋਂ ਸ੍ਰੀ ਕ੍ਰਿਸ਼ਨ ਦੀ ਚਰਚਾ ਸੁਣ ਕੇ ਸ੍ਰੀ ਕ੍ਰਿਸ਼ਨ ਵਿਚ ਮਨ ਨੂੰ ਟਿਕਾਉਂਦਾ ਹੈ। ਕਵੀ ਸ਼ਿਆਮ ਕਹਿੰਦੇ ਹਨ, ਉਹ (ਵਿਅਕਤੀ) ਸ਼ਰੀਰ ਧਾਰਨ ਕਰ ਕੇ ਫਿਰ ਇਸ ਸੰਸਾਰ ਵਿਚ ਨਹੀਂ ਆਉਂਦੇ।੨੪੯੨।

ਜੋ (ਵਿਅਕਤੀ) ਸ੍ਰੀ ਕ੍ਰਿਸ਼ਨ ਦੀ ਉਪਮਾ ਗਾਉਂਦਾ ਹੈ ਅਤੇ ਕਵਿਤਾ ਵਿਚ ਰਚਦਾ ਹੈ। ਕਵੀ ਸ਼ਿਆਮ ਕਹਿੰਦੇ ਹਨ, ਉਹ ਪਾਪਾਂ ਦੀ ਅਗਨੀ ਵਿਚ ਕਦੇ ਨਹੀਂ ਸੜਦਾ। ਜਿਨ੍ਹਾਂ (ਦੀ ਸੁਰਤ) ਛਿਣ ਭਰ ਲਈ (ਕ੍ਰਿਸ਼ਨ ਦੇ ਪ੍ਰੇਮ ਵਿਚ) ਲਗ ਗਈ ਹੈ, ਉਨ੍ਹਾਂ ਦੇ ਸਾਰੇ ਪਾਪ ਦੂਰ ਹੋ ਜਾਣਗੇ ਅਤੇ ਸਾਰੀਆਂ ਚਿੰਤਾਵਾਂ ਮਿਟ ਜਾਣਗੀਆਂ। ਜੋ ਪੁਰਸ਼ ਕ੍ਰਿਸ਼ਨ ਜੀ ਦੇ ਚਰਨ ਪਰਸਣਗੇ, ਉਹ ਪੁਰਸ਼ ਫਿਰ ਦੇਹ ਧਾਰਨ ਨਹੀਂ ਕਰਨਗੇ।੨੪੯੩।

ਕਵੀ ਸ਼ਿਆਮ ਕਹਿੰਦੇ ਹਨ, ਫਿਰ ਜੋ (ਵਿਅਕਤੀ) ਰੁਚੀ ਪੂਰਵਕ ਸ੍ਰੀ ਕ੍ਰਿਸ਼ਨ ਦਾ ਜਾਪ ਜਪਦੇ ਹਨ। ਜੋ (ਵਿਅਕਤੀ) ਮਨ ਵਿਚ ਉਸ (ਸ੍ਰੀ ਕ੍ਰਿਸ਼ਨ) ਦੇ ਪ੍ਰੇਮ ਕਰ ਕੇ, ਮੰਗਤਿਆਂ ਨੂੰ ਧਨ ਦਿੰਦੇ ਹਨ। ਜੋ (ਵਿਅਕਤੀ) ਘਰ ਦੇ ਸਾਰੇ ਕੰਮਾਂ ਨੂੰ ਛਡ ਕੇ ਉਸ ਦੇ ਚਰਨਾਂ ਨੂੰ ਚਿਤ ਅੰਦਰ (ਸਥਾਨ) ਦਿੰਦੇ ਹਨ। ਉਹ (ਅਧਿਆਤਮਿਕ) ਸੂਰਮੇ ਇਸ ਸੰਸਾਰ ਵਿਚ (ਜੀਉਂਦਿਆਂ ਹੀ) ਪਾਪਾਂ ਦੇ ਸਮੂਹ ਨੂੰ ਵਿਦਾ ਕਰ ਦਿੰਦੇ ਹਨ (ਅਤੇ ਆਪ ਬ੍ਰਹਮ ਲੋਕ ਵਿਚ) ਚਲੇ ਜਾਂਦੇ ਹਨ।੨੪੯੪।

ਜਿਸ ਨੇ ਪ੍ਰੇਮ ਨ ਕੀਤਾ, (ਪਰ) ਬਹੁਤ ਤਪ ਕੀਤਾ, ਕਸ਼ਟ ਸਹੇ ਅਤੇ ਸ਼ਰੀਰ ਨੂੰ ਖ਼ੂਬ ਤਪਾਇਆ। ਕਾਸ਼ੀ ਵਿਚ ਜਾ ਕੇ ਵੇਦਾਂ ਨੂੰ ਬਹੁਤ ਅਧਿਕ ਪੜ੍ਹਿਆ, (ਪਰ ਉਨ੍ਹਾਂ ਦੇ) ਹੱਥ ਵਿਚ ਸਾਰ ਤਤ੍ਵ ਪ੍ਰਾਪਤ ਨ ਹੋਇਆ। (ਜਿਨ੍ਹਾਂ ਨੇ) ਦਾਨ ਦਿੱਤੇ, (ਕੀ) ਸ੍ਰੀ ਕ੍ਰਿਸ਼ਨ ਉਨ੍ਹਾਂ ਦੇ ਵਸ ਹੋ ਗਿਆ ਹੈ, (ਨਹੀਂ) ਉਨ੍ਹਾਂ ਸਭਨਾਂ ਨੇ ਆਪਣਾ ਧਨ ਹੀ ਗੰਵਾਇਆ ਹੈ। ਜਿਸ ਨੇ ਅੰਦਰਲੀ ਰੁਚੀ ਨਾਲ ਸ੍ਰੀ ਕ੍ਰਿਸ਼ਨ ਨਾਲ ਪ੍ਰੇਮ ਕੀਤਾ ਹੈ, ਉਨ੍ਹਾਂ ਨੇ ਹੀ ਸ੍ਰੀ ਕ੍ਰਿਸ਼ਨ ਨੂੰ ਪ੍ਰਾਪਤ ਕੀਤਾ ਹੈ।੨੪੯੫।

ਕੀ ਹੋਇਆ ਜੋ (ਕੋਈ) ਬਗਲੇ (ਵਾਂਗ) ਅੱਖਾਂ ਬੰਦ ਕਰ ਕੇ ਬੈਠ ਰਿਹਾ ਹੈ, ਜਗਤ ਨੂੰ ਭੇਖ ਵਿਖਾਉਂਦਾ ਹੈ। ਮੱਛੀ (ਵਾਂਗ) ਸਦਾ ਜਲ ਵਿਚ ਨ੍ਹਾਉਂਦਾ ਫਿਰਿਆ ਹੈ, ਤਾਂ ਕੀ

ਦਾਦੁਰ ਜੋ ਦਿਨ ਰੈਨਿ ਰਟੈ ਸੁ ਬਿਹੰਗ ਉਡੈ ਤਨਿ ਪੰਖ ਲਗਾਏ।
ਸ੍ਯਾਮ ਭਨੈ ਇਹ ਸੰਤ ਸਭਾ ਬਿਨੁ ਪ੍ਰੇਮ ਕਹੂ ਬ੍ਰਿਜਨਾਥ ਰਿਝਾਏ। ੨੪੮੬।

ਲਾਲਚ ਜੋ ਧਨ ਕੇ ਕਿਨਹੂ ਜੁ ਪੇ ਗਾਇ ਭਲੈ ਪ੍ਰਭ ਗੀਤ ਸੁਨਾਯੋ।
ਨਾਚ ਨਚਿਓ ਨ ਖਚਿਓ ਤਿਹ ਮੈ ਹਰਿ ਲੋਕ ਅਲੋਕ ਕੋ ਪੈਡ ਨ ਪਾਯੋ।
ਹਾਸ ਕਰਿਓ ਜਗ ਮੈ ਆਪੁਨੋ ਸੁਪਨੇ ਹੂ ਨ ਗਿਆਨ ਕੋ ਤਤੁ ਜਨਾਯੋ।
ਪ੍ਰੇਮ ਬਿਨਾ ਕਬਿ ਸ੍ਯਾਮ ਭਨੈ ਕਰਿ ਕਾਹੂ ਕੇ ਮੈ ਬ੍ਰਿਜ ਨਾਇਕ ਆਯੋ। ੨੪੮੭।

ਹਾਰਿ ਚਲੇ ਗ੍ਰਿਹ ਆਪਨੇ ਕੋ ਬਨ ਮੋ ਬਹੁਤੋ ਤਿਨ ਧਿਆਨ ਲਗਾਏ।
ਸਿਧ ਸਮਾਧਿ ਅਗਾਧਿ ਕਥਾ ਮੁਨਿ ਖੋਜ ਰਹੇ ਹਰਿ ਹਾਥਿ ਨ ਆਏ।
ਸ੍ਯਾਮ ਭਨੈ ਸਭ ਬੇਦ ਕਤੇਬਨ ਸੰਤਨ ਕੇ ਮਤਿ ਯੌ ਠਹਰਾਏ।
ਭਾਖਤ ਹੈ ਕਬਿ ਸੰਤ ਸੁਨੋ ਜਿਹ ਪ੍ਰੇਮ ਕੀਏ ਤਿਹ ਸ੍ਰੀ ਪਤਿ ਪਾਏ। ੨੪੮੮।

ਛਤ੍ਰੀ ਕੋ ਪੂਤ ਹੋ ਬਾਮ੍ਹਨ ਕੋ ਨਹਿ ਕੈ ਤਪੁ ਆਵਤ ਹੈ ਜੁ ਕਰੋ।
ਅਰੁ ਅਉਰ ਜੰਜਾਰ ਜਿਤੋ ਗ੍ਰਿਹ ਕੋ ਤੁਹਿ ਤਿਆਗਿ ਕਹਾ ਚਿਤ ਤਾ ਮੈ ਧਰੋ।
ਅਬ ਰੀਝਿ ਕੈ ਦੇਹੁ ਵਹੈ ਹਮ ਕੋ ਜੋਊ ਹਉ ਬਿਨਤੀ ਕਰ ਜੋਰਿ ਕਰੋ।
ਜਬ ਆਉ ਕੀ ਅਉਧਿ ਨਿਦਾਨ ਬਨੈ ਅਤਿ ਹੀ ਰਨ ਮੈ ਤਬ ਜੂਝਿ ਮਰੋ। ੨੪੮੯।

ਦੋਹਰਾ

ਸਤ੍ਰਹ ਸੈ ਪੈਤਾਲਿ ਮਹਿ ਸਾਵਨ ਸੁਦਿ ਥਿਤਿ ਦੀਪ।
ਨਗਰ ਪਾਵਟਾ ਸੁਭ ਕਰਨ ਜਮੁਨਾ ਬਹੈ ਸਮੀਪ। ੨੪੯੦।

ਦਸਮ ਕਥਾ ਭਾਗੌਤ ਕੀ ਭਾਖਾ ਕਰੀ ਬਨਾਇ।
ਅਵਰ ਬਾਸਨਾ ਨਾਹਿ ਪ੍ਰਭ ਧਰਮ ਜੁਧ ਕੇ ਚਾਇ। ੨੪੯੧।

ਸਵੈਯਾ

ਧੰਨਿ ਜੀਓ ਤਿਹ ਕੋ ਜਗ ਮੈ ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ।
ਦੇਹ ਅਨਿਤ ਨ ਨਿਤ ਰਹੈ ਜਸੁ ਨਾਵ ਚੜੈ ਭਵ ਸਾਗਰ ਤਾਰੈ।
ਧੀਰਜ ਧਾਮ ਬਨਾਇ ਇਹੈ ਤਨ ਬੁਧਿ ਸੁ ਦੀਪਕ ਜਿਉ ਉਜੀਆਰੈ।
ਗਿਆਨਹਿ ਕੀ ਬਢਨੀ ਮਨਹੁ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੈ। ੨੪੯੨।

ਇਤਿ ਸ੍ਰੀ ਦਸਮ ਸਿਕੰਧ ਪੁਰਾਣੇ ਬਚਿਤ੍ਰ ਨਾਟਕ ਗ੍ਰੰਥੇ ਕ੍ਰਿਸਨਾਵਤਾਰੇ ਧਯਾਇ ਇਕੀਸਵੋ ਸਮਾਪਤਮ ਸਤੁ ਸੁਭਮ ਸਤੁ।

ਹੋਇਆ। (ਕੀਹ) ਉਸ ਦੇ ਹੱਥ ਵਿਚ ਹਰਿ ਆ ਗਿਆ ਹੈ। ਡੱਡੂ (ਵਾਂਗ) ਜੋ ਦਿਨ ਰਾਤ ਬੋਲਦਾ ਰਹਿੰਦਾ ਹੈ, ਜਾਂ ਸ਼ਰੀਰ ਉਤੇ ਖੰਭ ਲਗਾ ਕੇ ਪੰਛੀ (ਵਾਂਗ) ਉਡ ਗਿਆ ਹੈ। (ਕਵੀ) ਸ਼ਿਆਮ ਕਹਿੰਦੇ ਹਨ, ਸਾਰੇ ਸੰਤ ਇਹ (ਕਹਿੰਦੇ ਹਨ) ਕਿ ਪ੍ਰੇਮ ਤੋਂ ਬਿਨਾ ਕਿਸੇ ਨੇ ਵੀ ਸ੍ਰੀ ਕ੍ਰਿਸ਼ਨ ਨੂੰ ਪ੍ਰਸੰਨ ਨਹੀਂ ਕੀਤਾ।੨੪੮੬।

ਜੇ ਕਿਸੇ ਨੇ ਧਨ ਦੇ ਲਾਲਚ ਵਸ ਹੋ ਕੇ ਕਿਸੇ ਕੋਲ ਪ੍ਰਭੂ ਦੇ ਚੰਗੀ ਤਰ੍ਹਾਂ ਗੀਤ ਸੁਣਾਏ ਹਨ। (ਜੇ ਕਿਸੇ ਨੇ ਭਗਤੀ ਕਰਨ ਲਈ) ਨਾਚ ਨਚਿਆ ਹੈ, (ਪਰ) ਉਸ ਵਿਚ ਮਗਨ ਨਹੀਂ ਹੋਇਆ, (ਤਾਂ ਉਸ ਨੇ) ਹਰਿ ਦੇ ਅਲੌਕਿਕ ਲੋਕ ਦਾ ਮਾਰਗ ਨਹੀਂ ਪਾਇਆ। (ਉਸ ਨੇ) ਜਗਤ ਵਿਚ ਆਪਣਾ ਹਾਸਾ ਕਰਾਇਆ ਹੈ, (ਕਿਉਂਕਿ) ਉਸ ਨੇ ਸੁਪਨੇ ਵਿਚ ਵੀ ਗਿਆਨ ਦੇ ਤਤ੍ਵ ਨੂੰ ਨਹੀਂ ਜਾਣਿਆ ਹੈ। ਕਵੀ ਸ਼ਿਆਮ ਕਹਿੰਦੇ ਹਨ, ਪ੍ਰੇਮ ਤੋਂ ਬਿਨਾ ਸ੍ਰੀ ਕ੍ਰਿਸ਼ਨ ਕਿਸੇ ਦੇ ਹੱਥ ਵਿਚ ਨਹੀਂ ਆਇਆ।੨੪੮੭।

(ਜੋ) ਆਪਣੇ ਘਰ ਬਾਰ ਤੋਂ ਹਾਰ ਕੇ ਬਨ ਨੂੰ ਚਲੇ ਗਏ ਹਨ (ਅਤੇ ਉਥੇ) ਉਨ੍ਹਾਂ ਨੇ ਬਹੁਤ ਧਿਆਨ ਲਗਾਇਆ ਹੈ। ਸਿੱਧ ਹੋ ਕੇ ਸਮਾਧੀ ਲਗਾਈ ਹੈ, ਮੁਨੀ ਹੋ ਕੇ ਅਗਾਧ ਕਥਾ (ਸੁਣੀ ਹੈ), (ਉਹ ਸਾਰੇ) ਖੋਜ ਰਹੇ ਹਨ, (ਪਰ ਉਨ੍ਹਾਂ ਦੇ) ਹੱਥ ਵਿਚ ਹਰਿ ਨਹੀਂ ਆਇਆ। (ਕਵੀ) ਸ਼ਿਆਮ ਕਹਿੰਦੇ ਹਨ ਕਿ ਸਾਰੇ ਵੇਦਾਂ, ਕਤੇਬਾਂ ਅਤੇ ਸੰਤਾਂ ਦੇ ਮਤ ਵਿਚ ਇਹੀ ਠਹਿਰਾਇਆ ਹੋਇਆ ਹੈ। ਕਵੀ ਕਹਿੰਦੇ ਹਨ ਹੇ ਸੰਤੋ! ਸੁਣੋ, ਜਿਨ੍ਹਾਂ ਨੇ ਪ੍ਰੇਮ ਕੀਤਾ ਹੈ, ਉਨ੍ਹਾਂ ਨੇ ਹੀ ਪ੍ਰਭੂ ਨੂੰ ਪ੍ਰਾਪਤ ਕੀਤਾ ਹੈ।੨੪੮੮।

(ਮੈਂ) ਛਤ੍ਰੀ ਦਾ ਪੁੱਤਰ ਹਾਂ, ਬ੍ਰਾਹਮਣ ਦਾ (ਪੁੱਤਰ) ਨਹੀਂ ਹਾਂ। (ਮੈਨੂੰ) ਤਪ ਕਰਨਾ ਕਿਥੇ ਆਉਂਦਾ ਹੈ, ਜੇ ਕਰਾਂ। ਅਤੇ ਘਰ ਦੇ ਹੋਰ ਜਿਤਨੇ ਜੰਜਾਲ ਹਨ, ਤੁਹਾਨੂੰ ਤਿਆਗ ਕੇ ਕੀਹ ਚਿਤ ਉਨ੍ਹਾਂ ਵਿਚ ਧਰਾਂ। (ਇਸ ਲਈ) ਹੁਣ ਪ੍ਰਸੰਨ ਹੋ ਕੇ ਮੈਨੂੰ ਉਹੀ (ਵਰ) ਦਿਓ, ਜੋ ਮੈਂ ਹੱਥ ਜੋੜ ਕੇ ਬੇਨਤੀ ਕਰਦਾ ਹਾਂ। ਜਦੋਂ ਮੇਰੀ ਆਯੂ ਦੀ ਅਵਧੀ ਦਾ ਅੰਤ ਆ ਬਣੇ ਤਾਂ ਭਿਆਨਕ ਯੁੱਧ ਵਿਚ ਲੜਦਾ ਹੋਇਆ ਮਰ ਜਾਵਾਂ।੨੪੮੯।

ਦੋਹਰਾ

ਸਤਾਰ੍ਹਾਂ ਸੌ ਪੰਤਾਲੀ (੧੭੪੫ ਬਿ.) ਵਿਚ ਸਾਵਣ ਦੀ ਸੁਦੀ ਸੱਤਵੀਂ ਥਿਤ ਨੂੰ ਪਾਂਵਟਾ ਨਗਰ (ਵਿਚ ਕਵਿਤਾ ਰਚਣ ਦਾ ਇਹ) ਸ਼ੁਭ ਕਰਮ (ਕੀਤਾ ਜਿਥੇ) ਨੇੜੇ ਹੀ ਜਮਨਾ ਵਗ ਰਹੀ ਹੈ।੨੪੯੦।

ਭਾਗਵਤ (ਪੁਰਾਣ) ਦੇ ਦਸਮ (ਸਕੰਧ) ਦੀ ਕਥਾ (ਮੈਂ) ਭਾਖਾ ਵਿਚ ਰਖੀ ਹੈ। ਹੇ ਪ੍ਰਭੂ! (ਮੇਰੇ ਮਨ ਵਿਚ) ਹੋਰ ਕੋਈ ਕਾਮਨਾ ਨਹੀਂ ਹੈ, (ਬਸ) ਧਰਮ ਦੇ ਯੁੱਧ ਦੀ ਚਾਹ (ਲਈ ਪ੍ਰੇਰਿਤ ਕਰਨਾ) ਹੈ।੨੪੯੧।

ਸਵੈਯਾ

ਜਗਤ ਵਿਚ ਉਨ੍ਹਾਂ ਦਾ ਜੀਉਣਾ ਧੰਨ ਹੈ (ਜੋ) ਮੁਖ ਤੋਂ ਹਰਿ (ਦਾ ਨਾਮ ਜਪਦੇ ਹਨ ਅਤੇ) ਚਿਤ ਵਿਚ ਯੁੱਧ (ਕਰਨ ਦਾ) ਵਿਚਾਰ ਪਾਲਦੇ ਹਨ। (ਕਿਉਂਕਿ) ਦੇਹ ਅਨਿਤ ਹੈ, ਨਿਤ ਨਹੀਂ ਰਹੇਗੀ। (ਜੋ ਵਿਅਕਤੀ ਧਰਮ ਯੁੱਧ ਕਰਕੇ) ਯਸ਼ ਦੀ ਬੇੜੀ ਉਤੇ ਚੜ੍ਹੇਗਾ, ਉਹ ਭਵ ਸਾਗਰ ਵਿਚੋਂ ਤਰ ਜਾਏਗਾ। ਇਸ ਸ਼ਰੀਰ ਨੂੰ ਧੀਰਜ ਦਾ ਘਰ ਬਣਾ ਲਵੋ ਅਤੇ ਬੁੱਧੀ ਨੂੰ ਦੀਪਕ ਵਾਂਗ (ਇਸ ਵਿਚ) ਜਗਾ ਲਵੋ। ਗਿਆਨ ਦੇ ਝਾੜੂ ਨੂੰ ਮਨ ਰੂਪ ਹੱਥ ਵਿਚ ਲੈ ਕੇ, ਕਾਇਰਤਾ ਰੂਪ ਕੂੜੇ ਨੂੰ ਬਾਹਰ ਹੂੰਝ ਦਿਓ। ੨੪੯੨।

ਇਥੇ ਸ੍ਰੀ ਦਸਮ ਸਕੰਧ ਪੁਰਾਣ, ਬਚਿਤ੍ਰ ਨਾਟਕ ਗ੍ਰੰਥ ਦੇ ਕ੍ਰਿਸ਼ਨਾਵਤਾਰ ਅਧਿਆਇ ਇਕੀਸਵੇਂ ਦੀ ਸਮਾਪਤੀ। ਸਭ ਸ਼ੁਭ ਹੈ।